# ਹਸਤੀ ਦੁਨੀਆ

₹15/-

Hansti Duniya (Punjabi)
• Vol. 43 • No. 11
• November 2019



*ਸਭ ਤੋਂ ਪਹਿਲਾਂ*

# ਪਿਆਰ ਦਾ ਸੰਸਾਰ





## ਹੰਸਤੀ ਦੁਨੀਆ

• Vol.43 • ਅੰਕ : 11 • *ਨਵੰਬਰ 2019* • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Editor (Honorary)*

Sulekh Singh 'Sathi'

**Email:** editorial@nirankari.org

**Ph.:** 011-47660200

**Fax:** 011-27608215

**Website:** http//www.nirankari.org
kids.nirankari.org








## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries
Equivalent to U.S. Dollars as mentioned above.

## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50




## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46
















## ਕਹਾਣੀਆਂ


ਸੁੰਦਰਤਾ ਦਾ ਘਮੰਡ
– ਗੋਵਿੰਦ ਨਿਰੰਕਾਰੀ 06

ਸਫਲਤਾ ਦਾ ਰਾਜ
– ਸੀਤਾਰਾਮ ਗੁਪਤਾ 12

ਮਰ ਗਿਆ ਸੱਪ
– ਸਾਬਿਰ ਹੁਸੈਨ 24

ਫੈਸਲਾ
– ਜ਼ਾਫਿਰ ਅਲੀ 28

ਪ੍ਰਸ਼ੰਸਾ ਦੇ ਚੱਕਰ ਵਿੱਚ
– ਅਰਚਨਾ ਸੌਂਗਾਨੀ 32

ਠੱਗੀ ਮਹਿੰਗੀ ਪਈ
– ਦੀਪਾਂਸ਼ੂ ਜੈਨ 39

ਤਾਰੀਫ ਹੰਕਾਰ ਪੈਦਾ ਕਰਦੀ ਹੈ
– ਜਗਤਾਰ 'ਚਮਨ' 41

ਹੰਕਾਰੀ ਹਾਥੀ
– ਸੁਰਿੰਦਰ ਕੌਰ ਰੋਮੀ 44


## ਗੀਤ-ਕਵਿਤਾਵਾਂ


ਕਲਮ ਬਣਾਵੇ ਮਾਨਵਤਾ
– ਬਲਵਿੰਦਰ 'ਬਾਲਮ' 05

ਹਰ ਹਾਲ ਵਿੱਚ ਮੈਂ ਖੁਸ਼ ਹਾਂ
– ਬਾਬਾ ਹਰਦੇਵ ਸਿੰਘ ਜੀ 18

ਫੁੱਲਾਂ ਉੱਤੇ ਸੈਰ ਹੈ ਕਰਦੀ
– ਅਮਨਪ੍ਰੀਤ ਸਿੰਘ 26

ਵੇਲੇ ਦੀ ਕਦਰ
– ਪ੍ਰਿਤਪਾਲ ਢਿੱਲੋਂ 34

ਬੁਝਾਰਤਾਂ
– ਰਾਧਾ ਨਾਰੀਜ 35

ਧੁੰਦ
– ਪੀ.ਐਸ. ਸਾਦਿਕ 43


## ਵਿਸ਼ੇਸ਼ ਲੇਖ


ਦੁਨੀਆ ਦੀ ਪਹਿਲੀ ਲਾਇਬਰੇਰੀ?
– ਦਿਨੇਸ਼ ਦਰਪਣ 09

ਚਾਚਾ ਨਹਿਰੂ
– ਮਨਮੋਹਨ ਬਾਵਾ 11

ਕੌੜੀ ਨਿੰਮ
– ਅਭੈ ਕੁਮਾਰ ਜੈਨ 14

ਮਦਰ ਟਰੇਸਾ
– ਅਸ਼ੋਕ ਭਾਰਦਵਾਜ਼ 31

ਇਕ ਵਿਸ਼ਾਲ ਜੀਵ ਹਿਪੋ
– ਵਿਭਾ ਵਰਮਾ 36

**ਸਭ ਤੋਂ ਪਹਿਲਾਂ**

# ਪਿਆਰ ਦਾ ਸੰਸਾਰ




ਪਿਆਰੇ ਬੱਚਿਉ ! ਤੁਸੀਂ ਸਾਰੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਬਾਰੇ ਜਾਣਦੇ ਹੀ ਹੋਵੋਗੇ। ਪੰਡਿਤ ਨਹਿਰੂ ਜੀ ਆਜਾਦ ਭਾਰਤ ਦੇ ਪਹਿਲੇ ਪ੍ਰਧਾਨਮੰਤਰੀ ਸਨ। ਮਹਾਤਮਾ ਗਾਂਧੀ ਜੀ ਦੇ ਨਾਲ ਮਿਲ ਕੇ ਉਹਨਾਂ ਭਾਰਤ ਦੀ ਆਜ਼ਾਦੀ ਲਈ ਬਹੁਤ ਵੱਡਾ ਯੋਗਦਾਨ ਪਾਇਆ ਸੀ, ਜਿਸ ਕਰਕੇ ਆਜ਼ਾਦੀ ਮਗਰੋਂ ਉਹਨਾਂ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਇਆ ਗਿਆ। ਪੰਡਿਤ ਨਹਿਰੂ ਜੀ ਨੂੰ ਬੱਚਿਆਂ ਨਾਲ ਬਹੁਤ ਪਿਆਰ ਸੀ। ਬੱਚਿਆਂ ਦੇ ਕਲਿਆਣ ਲਈ ਅਤੇ ਉਨ੍ਹਾਂ ਨੂੰ ਹਰ ਖੇਤਰ ਵਿਚ ਅੱਗੇ ਵਧਾਉਣ ਲਈ ਉਨ੍ਹਾਂ ਅਨੇਕਾਂ ਯੋਜਨਾਵਾਂ ਆਰੰਭ ਕੀਤੀਆਂ ਸਨ। ਇਹੀ ਕਾਰਣ ਹੈ ਕਿ ਬੱਚੇ ਪਿਆਰ ਨਾਲ ਉਹਨਾਂ ਨੂੰ ਚਾਚਾ ਨਹਿਰੂ ਕਿਹਾ ਕਰਦੇ ਸਨ। ਦੇਸ਼ ਭਰ ਵਿਚ ਵੀ ਉਹ ਚਾਚਾ ਨਹਿਰੂ ਦੇ ਨਾਂ ਨਾਲ ਪ੍ਰਸਿੱਧ ਹੋ ਗਏ ਸਨ। ਸਫੇਦ ਰੰਗ ਦੀ ਅਚਕਨ ਉਤੇ ਗੁਲਾਬ ਦਾ ਫੁੱਲ ਉਨ੍ਹਾਂ ਦੀ ਪਛਾਣ ਬਣ ਗਈ ਸੀ। ਇਹ ਪਛਾਣ ਉਨ੍ਹਾਂ ਦੇ ਮਨ ਵਿਚ ਦੇਸ਼ ਵਾਸੀਆਂ ਲਈ ਪਿਆਰ ਦਾ ਪ੍ਰਤੀਕ ਬਣ ਗਈ ਸੀ। ਬੱਚਿਉ ! 14 ਨਵੰਬਰ ਨੂੰ ਚਾਚਾ ਨਹਿਰੂ ਜੀ ਦਾ ਜਨਮ ਦਿਨ ਵੀ ਹੁੰਦਾ ਹੈ ਜੋ ਸਾਰਿਆਂ ਦੇ ਦਿਲ ਵਿਚ ਉਨ੍ਹਾਂ ਪ੍ਰਤੀ ਪਿਆਰ ਅਤੇ ਆਦਰ ਦੇ ਕਾਰਣ 'ਬਾਲ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ।

ਸਾਰਿਆਂ ਦੇ ਪ੍ਰਤੀ ਪਿਆਰ ਦਾ ਭਾਵ ਅਪਨਾ ਕੇ ਜੀਵਨ ਜੀਉਣ ਦੀ ਪ੍ਰੇਰਣਾ ਵਾਲਾ ਇਕ ਹੋਰ ਅਵਸਰ ਵੀ ਨਵੰਬਰ ਮਹੀਨੇ ਵਿਚ ਹੀ ਆਉਂਦਾ ਹੈ ਅਤੇ ਉਹ ਹੈ ਵਾਰਸ਼ਕ ਨਿਰੰਕਾਰੀ ਸੰਤ ਸਮਾਗਮ। ਪਿਆਰੇ ਬੱਚਿਉ ! ਤੁਸੀਂ ਜਾਣਦੇ ਹੋ ਕਿ ਅੱਜ ਜੋ ਤੁਹਾਡੀ ਪਿਆਰੀ ਪਤਰਿਕਾ ਹੰਸਤੀ ਦੁਨੀਆ ਤੁਹਾਡੇ ਹੱਥਾਂ ਵਿਚ ਹੈ, ਇਹ ਨਿਰੰਕਾਰੀ ਪ੍ਰਕਾਸ਼ਨ ਦਾ ਇਕ ਅੰਗ ਹੈ ਅਤੇ ਨਿਰੰਕਾਰੀ ਪ੍ਰਕਾਸ਼ਨ ਦਾ ਆਰੰਭ ਬਾਬਾ ਸੱਜਣ ਸਿੰਘ ਜੀ ਰਾਹੀਂ ਕੀਤਾ ਗਿਆ ਸੀ। ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਜੀ ਮਹਾਰਾਜ ਦੇ ਸਪੁੱਤਰ ਬਾਬਾ ਸੱਜਣ ਸਿੰਘ ਜੀ ਦੇ ਮਨ ਵਿਚ ਮਾਨਵਤਾ ਦੇ ਪ੍ਰਤੀ ਅਥਾਹ ਪਿਆਰ ਸੀ। ਉਹ ਚਾਹੁੰਦੇ ਸਨ ਕਿ ਸੰਸਾਰ ਦੇ ਸਾਰੇ ਇਨਸਾਨ ਪ੍ਰਭੂ ਪ੍ਰਮਾਤਮਾ ਦੀ ਪਛਾਣ ਕਰ ਕੇ ਮਾਨਵ ਭਾਈਚਾਰੇ ਦਾ ਅੰਗ ਬਣਨ। ਇਸ ਕਾਰਨ ਉਨ੍ਹਾਂ ਨੇ ਪਤ੍ਰਕਾ ਪ੍ਰਕਾਸ਼ਨ ਰਾਹੀਂ ਇਹ ਸੰਦੇਸ਼ ਸਭ ਤਕ ਪਹੁੰਚਾਉਣਾ ਆਰੰਭ ਕੀਤਾ। ਬਾਅਦ ਵਿਚ ਇਸ ਨੇ ਵਿਸਥਾਰ ਰੂਪ ਲਿਆ ਅਤੇ ਨਿਰੰਕਾਰੀ ਪ੍ਰਕਾਸ਼ਨ ਰਾਹੀਂ ਅਨੇਕਾਂ ਪੱਤਰ- ਪਤਰਕਾਵਾਂ ਆਰੰਭ ਕੀਤੀਆਂ ਗਈਆਂ ਜਿੰਨ੍ਹਾਂ ਵਿਚ ਬਾਲ ਪਤੱਰਕਾ ਹੰਸਤੀ ਦੁਨੀਆਂ ਵੀ ਸ਼ਾਮਿਲ ਹੈ। ਨਿਰੰਕਾਰੀ ਸੰਤ ਸਮਾਗਮ ਵੀ ਉਹਨਾਂ ਦੀ ਯਾਦ ਵਿਚ ਹੀ ਆਰੰਭ ਹੋਇਆ ਸੀ ਜਿਸ ਦਾ 72ਵਾਂ ਵਿਸ਼ਾਲ ਸਰੂਪ ਨਵੰਬਰ ਵਿਚ ਹੀ 16 ਤੋਂ 18 ਤਰੀਖ ਤਕ ਸਾਨੂੰ ਵੇਖਣ ਨੂੰ ਮਿਲੇਗਾ।

ਪਿਆਰੇ ਬੱਚਿਉ ! ਸੰਸਾਰ ਵਿਚ ਪਿਆਰ ਦਾ ਵਿਸਥਾਰ ਹੋਵੇ, ਸਾਰੇ ਪਿਆਰ ਨਾਲ ਇਕ ਦੂਜੇ ਨੂੰ ਅੱਗੇ ਵਧਾਉਣ ਦੇ ਜਤਨ ਕਰਨ, ਇਸ ਮੰਤਵ ਦੀ ਪੂਰਤੀ ਲਈ ਹੋਣ ਵਾਲੇ ਇਸ ਸੰਤ ਸਮਾਗਮ ਵਿਚ ਅਸੀਂ ਵੀ ਸ਼ਾਮਿਲ ਹੋਈਏ ਅਤੇ ਆਪਣੇ ਸਾਥੀਆਂ ਨੂੰ ਵੀ ਲੈ ਕੇ ਆਈਏ ਤਾਕਿ ਪਿਆਰ ਦੇ ਸੰਸਾਰ ਦਾ ਨਿਰਮਾਣ ਜਲਦੀ ਸੰਭਵ ਹੋ ਸਕੇ।

ਸੁਲੇਖ 'ਸਾਥੀ'
ssathi_2007@yahoo.com

❑ ਬਲਵਿੰਦਰ 'ਬਾਲਮ'

# ਕਲਮ ਬਣਾਵੇ ਮਾਨਵਤਾ

ਇਸ ਚੋਂ ਅੱਖਰ ਬਣਦੇ ਨੇ।
ਅਰਥਾਂ ਦੇ ਸਾਂਚੇ ਢਲਦੇ ਨੇ।
ਪ੍ਰਗਟ ਹੋਵੇ ਸਿਰਜਨਤਾ।
ਕਲਮ ਬਣਾਵੇ ਮਾਨਵਤਾ।

ਪੁਸਤਕ ਚੋਂ ਸੰਦੇਸ਼ ਮਿਲੇ।
ਜੀਵਨ ਦਾ ਹਰ ਫੁੱਲ ਖਿੜੇ।
ਸਤਯਮ-ਸ਼ਿਵਮ-ਸੁੰਦਰਤਾ।
ਕਲਮ ਬਣਾਵੇ ਮਾਨਵਤਾ।

ਖੋਜਾਂ ਚੋਂ ਵਿਗਿਆਨ ਬਣੇ।
ਮਨ-ਮੰਦਿਰ ਭਗਵਾਨ ਬਣੇ।
ਗਿਆਨ 'ਚ ਆਏ ਪੂਰਨਤਾ।
ਕਲਮ ਬਣਾਵੇ ਮਾਨਵਤਾ।

ਧਰਮਾਂ ਦੇ ਗ੍ਰੰਥ ਸਿਰਜੇ।
ਇੱਕ ਅਲੌਕਿਕ ਬਾਣੀ ਉਪਜੇ।
ਮਨ ਅੰਦਰ ਅਧਿਆਤਮਤਾ।
ਕਲਮ ਬਣਾਵੇ ਮਾਨਵਤਾ।

ਸ਼ਕਤੀ ਦੇਵੇ ਉਲਫਤ ਵਿੱਚ।
ਭਗਤੀ ਦੇਵੇ ਮਸਤਕ ਵਿੱਚ।
ਕਰਦੀ ਵਾਸ ਇਕਾਗਰਤਾ।
ਕਲਮ ਬਣਾਵੇ ਮਾਨਵਤਾ।

ਮਾਂ ਦੇ ਵਾਂਗ ਪਵਿੱਤਰ ਹੈ।
'ਬਾਲਮ' ਸੁੱਚਾ ਮੰਦਿਰ ਹੈ।
ਭਾਸ਼ਾਵਾਂ ਦਾ ਗੁਲਦਸਤਾ।
ਕਲਮ ਬਣਾਵੇ ਮਾਨਵਤਾ।





ਬਾਲ ਕਹਾਣੀ : ਗੋਵਿੰਦ ਨਿਰੰਕਾਰੀ

# ਸੁੰਦਰਤਾ ਦਾ ਘਮੰਡ

ਸੁੰਦਰਵਨ ਵਿੱਚ ਚੀਕੂ ਨਾਮ ਦਾ ਇਕ ਖਰਗੋਸ਼ ਰਹਿੰਦਾ ਸੀ। ਉਹ ਬਹੁਤ ਹੀ ਸੁੰਦਰ ਸੀ। ਆਪਣੀ ਸੁੰਦਰਤਾ ਦੇ ਕਾਰਣ ਹੀ ਉਹ ਬਾਕੀ ਜਾਨਵਰਾਂ ਤੋਂ ਦੂਰ ਰਹਿੰਦਾ ਸੀ।

ਇਕ ਦਿਨ ਮੋਟੂ ਭਾਲੂ ਸਵੇਰ ਦੀ ਸੈਰ ਤੇ ਨਿਕਲਿਆ ਹੋਇਆ ਸੀ। ਉਹਨੂੰ ਰਾਹ ਵਿੱਚ ਚੀਕੂ ਮਿਲ ਗਿਆ। ਚੀਕੂ ਨੇ ਉਹਨੂੰ ਵੇਖ ਕੇ ਮੂੰਹ ਫੇਰ ਲਿਆ। ਮੋਟੂ ਨੇ ਉਸ ਨੂੰ ਟੋਕਦੇ ਹੋਏ ਪੁੱਛਿਆ- ਕਿਉਂ ਚੀਕੂ ਮੇਰੇ ਤੋਂ ਨਜ਼ਰ ਬਚਾ ਕੇ ਕਿਥੇ ਜਾ ਰਹੇ ਹੋ?

– ਮੈਂ ਕਾਲੇ ਅਤੇ ਮੋਟੇ ਲੋਕਾਂ ਦੇ ਮੂੰਹ ਨਹੀਂ ਲੱਗਦਾ। – ਚੀਕੂ ਨੇ ਤਪਾਕ ਨਾਲ ਕਿਹਾ।

ਮੋਟੂ ਭਾਲੂ ਅਪਮਾਨ ਦਾ ਘੁੱਟ ਪੀ ਕੇ ਚੁਪਚਾਪ ਆਪਣੇ ਰਾਹ ਤੇ ਚਲ ਪਿਆ।

ਅਗਲੇ ਦਿਨ ਚੀਕੂ ਨਦੀ ਕਿਨਾਰੇ ਹਰੀ-ਹਰੀ ਦੂਬ ਖਾਣ ਵਿੱਚ ਲਗਾ ਹੋਇਆ ਸੀ। ਉਥੇ ਪਾਣੀ ਪੀਣ ਲਈ ਹਾਥੀ ਦਾਦਾ ਆਪਣੇ ਪਰਿਵਾਰ ਦੇ ਨਾਲ ਆ ਗਏ। ਹਾਥੀ ਦਾਦਾ ਨੂੰ ਵੇਖ ਕੇ ਵੀ ਚੀਕੂ ਆਪਣਾ ਪੇਟ ਭਰਨ ਵਿੱਚ ਲਗਾ ਰਿਹਾ। ਦਾਦਾ ਨੇ ਪੁੱਛਿਆ – ਚੀਕੂ ਜੀ ਬਹੁਤ ਵੱਡੇ ਹੋ ਗਏ ਹੋ ਜੋ ਨਮਸਤੇ, 'ਗੁਡ ਮਾਰਨਿੰਗ' ਵੀ ਨਹੀਂ ਕਰਦੇ? ਚੀਕੂ ਨੇ ਹਾਥੀ ਦਾਦਾ ਦੀ ਗੱਲ ਅਣਸੁਣੀ ਕਰ ਦਿੱਤੀ। ਫਿਰ ਦਾਦਾ ਨੇ ਪੁੱਛਿਆ- ਕਿਉਂ ਭਾਈ ਸਾਡੇ ਨਾਲ ਕੀ ਨਰਾਜ਼ਗੀ ਹੈ?

ਚੀਕੂ ਬੋਲਿਆ- ਮੈਂ ਪਰਬਤ ਤੋਂ ਮੋਟੇ-ਭੱਦੇ ਸਰੀਰ ਅਤੇ ਅਜਗਰ ਵਰਗੀ ਸੁੰਡ ਵਾਲੇ ਜਾਨਵਰਾਂ ਨਾਲ ਗੱਲਬਾਤ ਨਹੀਂ ਕਰਦਾ। ਤੁਹਾਡੇ ਵੱਡੇ-ਵੱਡੇ ਦੰਦ ਕਿੰਨੇ ਖਰਾਬ ਲੱਗਦੇ ਹਨ....ਛੀ.....।

ਚੀਕੂ ਦਾ ਜਵਾਬ ਸੁਣ ਕੇ ਹਾਥੀ ਦਾਦਾ ਨੂੰ ਬੜਾ ਕ੍ਰੋਧ ਆਇਆ ਪ੍ਰੰਤੂ ਉਹ ਉਹਨੂੰ ਛੋਟਾ ਜਾਨਵਰ ਸਮਝ ਕੇ ਕੁਝ ਨਾ ਕਹਿ ਸਕੇ। ਬਸ ਐਨਾ ਜ਼ਰੂਰ ਕਿਹਾ- ਛੋਟਾ ਮੂੰਹ ਅਤੇ ਵੱਡੀ ਗੱਲ।

ਚੀਕੂ ਨਦੀ ਵਿੱਚ ਆਪਣੀ ਸੁੰਦਰ ਪਰਛਾਈ ਵੇਖ ਕੇ ਫੁਲਿਆ ਨਹੀਂ ਸਮਾ ਰਿਹਾ ਸੀ। ਸ਼ਾਮ ਨੂੰ ਹਾਥੀ ਅਤੇ ਮੋਟੂ ਭਾਲੂ ਨੇ ਜਦ ਕਾਲੂ ਲੰਗੂਰ ਨੂੰ ਚੀਕੂ ਦੀਆਂ ਹਰਕਤਾਂ ਦੇ ਬਾਰੇ ਦੱਸਿਆ ਤਾ ਉਹਨੂੰ ਯਕੀਨ ਨਹੀਂ ਹੋਇਆ। ਉਹ ਉਸ ਨੂੰ ਮਿਲਣ ਚੀਕੂ ਦੇ ਘਰ ਪਹੁੰਚ ਗਿਆ।

– ਚੀਕੂ ਘਰ ਵਿੱਚ ਹੋ ਕੀ? – ਕਾਲੂ ਨੇ ਆਵਾਜ਼ ਲਗਾਈ। ਖਰਗੋਸ਼ ਦੀ ਪਤਨੀ ਬਾਹਰ ਆਈ ਅਤੇ ਬੋਲੀ- ਉਹ ਤਾਂ ਬਾਜ਼ਾਰ ਗਏ ਹੋਏ ਹਨ।

ਕਾਲੂ ਲੰਗੂਰ ਵਾਪਸ ਚਲ ਪਿਆ। ਥੋੜੀ ਦੂਰ ਜਾ ਕੇ ਉਹਨੂੰ ਇੰਝ ਲੱਗਾ ਕਿ ਚੀਕੂ ਦੀ ਪਤਨੀ ਝੂਠ ਬੋਲ ਰਹੀ

ਹੈ। ਉਹ ਫਿਰ ਚੀਕੂ ਦੇ ਘਰ ਪਹੁੰਚਿਆ। ਚੀਕੂ ਘਰ ਵਿੱਚ ਆਰਾਮ ਕਰ ਰਿਹਾ ਸੀ। ਕਾਲੂ ਨੂੰ ਇਹ ਵੇਖ ਕੇ ਬਹੁਤ ਗੁੱਸਾ ਆਇਆ। ਉਸ ਨੇ ਚੀਕੂ ਨੂੰ ਕਿਹਾ - ਓਏ ਘਰ ਵਿੱਚ ਹੋ ਕੇ ਵੀ ਆਪਣੇ ਆਪ ਨੂੰ ਘਰ ਵਿੱਚ ਨਾ ਹੋਣ ਦੀ ਝੂਠੀ ਗੱਲ ਕਹਿੰਦਾ ਹੈ। ਤੈਨੂੰ ਸ਼ਰਮ ਨਹੀਂ ਆਉਂਦੀ।

- ਤੈਨੂੰ ਮੇਰੇ ਨਾਲ ਕੀ ਕੰਮ ਹੈ? -ਚੀਕੂ ਨੇ ਪੁੱਛਿਆ।

- ਮੈਂ ਸੁਣਿਆ ਹੈ ਕਿ ਤੂੰ ਆਪਣੇ ਆਪ ਨੂੰ ਬੜਾ ਸੁੰਦਰ ਸਮਝਦਾ ਹੈ।ਇਸ ਲਈ ਕਿਸੇ ਨਾਲ ਗੱਲਬਾਤ ਵੀ ਨਹੀਂ ਕਰਦਾ। - ਕਾਲੂ ਨੇ ਉਹਨੂੰ ਝਿੜਕਦੇ ਹੋਏ ਕਿਹਾ।

- ਹਾਂ...ਹਾਂ....ਹਾਂ....ਮੈਂ ਆਪਣੇ ਆਪ ਨੂੰ ਸੁੰਦਰ ਸਮਝਦਾ ਹਾਂ ਅਤੇ ਸਮਝਦਾ ਕੀ ਹਾਂ, ਮੈਂ ਹਾਂ ਹੀ ਤੁਹਾਡੇ ਸਾਰਿਆਂ ਤੋਂ ਸੁੰਦਰ। ਤੇਰੇ ਵਾਂਗ ਮੇਰਾ ਮੂੰਹ ਕਾਲਾ ਨਹੀਂ ਹੈ ਅਤੇ ਨਾ ਹੀ ਤੇਰੇ ਵਰਗੀ ਮੇਰੀ ਮੋਟੀ ਰੱਸੇ ਵਰਗੀ ਪੂਛ ਹੈ। ਵੇਖ ਮੇਰੀ ਸਫੈਦ ਮੁਲਾਇਮ ਚਮੜੀ। ਭੂਰੀਆਂ-ਭੂਰੀਆਂ ਗੋਲ-ਗੋਲ ਅੱਖਾਂ ਅਤੇ ਛੋਟੇ-ਛੋਟੇ ਸੁੰਦਰ ਪੈਰ। - ਚੀਕੂ ਨੇ ਆਪਣੀਆਂ ਵਿਸ਼ੇਸ਼ਤਾਵਾਂ ਗਿਣਵਾਉਂਦੇ ਹੋਏ ਕਿਹਾ।

ਕਾਲੂ ਲੰਗੂਰ ਸਮਝ ਗਿਆ ਕਿ ਸਚਮੁਚ ਚੀਕੂ ਨੂੰ ਆਪਣੀ ਸੁੰਦਰਤਾ ਤੇ ਬਹੁਤ ਘਮੰਡ ਹੋ ਗਿਆ ਹੈ। ਉਹ





ਚੁਪਚਾਪ ਉਥੋਂ ਆਪਣੇ ਘਰ ਨੂੰ ਵਾਪਸ ਚਲਾ ਗਿਆ। ਅਗਲੇ ਦਿਨ ਕਾਲੂ ਨੇ ਸਾਰੇ ਜਾਨਵਰਾਂ ਦੀ ਸਭਾ ਬੁਲਾਈ। ਉਸ ਸਭਾ ਵਿੱਚ ਹਾਥੀ, ਭਾਲੂ, ਬਾਂਦਰ, ਗਿੱਦੜ, ਲੂੰਮੜੀ, ਗੈਂਡਾ ਅਤੇ ਲੰਗੂਰ ਆਦਿ ਮੌਜੂਦ ਸਨ। ਹਾਥੀ ਦਾਦਾ ਨੇ ਚੀਕੂ ਖਰਗੋਸ਼ ਨੂੰ ਸੁੰਦਰਵਨ ਦੀ ਏਕਤਾ ਨੂੰ ਤੋੜਨ ਵਾਲਾ ਪ੍ਰਾਣੀ ਦੱਸਦੇ ਹੋਏ ਕਿਹਾ - ਚੀਕੂ ਨੂੰ ਜੰਗਲ ਦੇ ਪ੍ਰਾਣੀਆਂ ਦੀ ਬਿਰਾਦਰੀ ਵਿਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ।

ਭਾਲੂ ਨੇ ਕਿਹਾ- ਚੀਕੂ ਸਾਡੇ ਸੁੰਦਰਵਨ ਵਿੱਚ ਨਸਲਵਾਦ ਅਤੇ ਰੰਗਭੇਦ ਨੀਤੀ ਨੂੰ ਵਧਾ ਰਿਹਾ ਹੈ। ਇਸ ਲਈ ਉਸ ਦੇ ਖਿਲਾਫ ਕਠੋਰ ਕਦਮ ਚੁਕਣਾ ਜ਼ਰੂਰੀ ਹੈ।

ਅੰਤ ਵਿੱਚ ਕਾਲੂ ਲੰਗੂਰ ਨੇ ਪ੍ਰਸਤਾਵ ਪੜ ਕੇ ਸਾਰਿਆਂ ਨੂੰ ਸੁਣਾਇਆ ਜਿਸ ਵਿੱਚ ਲਿਖਿਆ ਸੀ ਕਿ - ਚੀਕੂ ਸਾਡੀ ਏਕਤਾ ਅਤੇ ਅਖੰਡਤਾ ਲਈ ਖਤਰਾ ਹੈ। ਇਹ ਪ੍ਰਾਣੀ ਰੰਗਭੇਦ ਨੀਤੀ ਤੇ ਚਲ ਰਿਹਾ ਹੈ। ਗੋਰੇ ਅਤੇ ਕਾਲੇ ਦਾ ਭੇਦਭਾਵ ਰੱਖਦਾ ਹੈ।ਇਸ ਲਈ ਉਹਨੂੰ ਸੁੰਦਰਵਨ ਦੀ ਬਿਰਾਦਰੀ ਤੋਂ ਬਾਹਰ ਕੀਤਾ ਜਾਂਦਾ ਹੈ।

ਚੀਕੂ ਨੂੰ ਜਦ ਇਹ ਸੂਚਨਾ ਭਿਜਵਾਈ ਗਈ ਤਾਂ ਉਹ ਹੋਰ ਜ਼ਿਆਦਾ ਖੁਸ਼ ਹੋਇਆ।

ਇਕ ਦਿਨ ਸੁੰਦਰਵਨ ਵਿੱਚ ਕੁਝ ਸ਼ਿਕਾਰੀ ਆਏ ਅਤੇ ਉਹਨਾਂ ਦੇ ਨਾਲ ਅੱਠ-ਦਸ ਸ਼ਿਕਾਰੀ ਕੁੱਤੇ ਵੀ ਸਨ। ਉਹਨਾਂ ਸ਼ਿਕਾਰੀ ਕੁੱਤਿਆਂ ਨੂੰ ਅਚਾਨਕ ਚੀਕੂ ਖਰਗੋਸ਼ ਦਿਖਾਈ ਦੇ ਗਿਆ। ਉਹ ਸਾਰੇ ਦੇ ਸਾਰੇ ਉਸ ਦੇ ਪਿਛੇ ਦੌੜ ਪਏ। ਚੀਕੂ ਲੰਮੀਆਂ ਛਾਲਾਂ ਮਾਰਦਾ ਹੋਇਆ ਅਗੇ-ਅਗੇ ਭੱਜ ਰਿਹਾ ਸੀ। ਕੁੱਤੇ ਅਤੇ ਚੀਕੂ



ਦੇ ਵਿਚਕਾਰ ਫਾਸਲਾ ਘੱਟ ਰਹਿ ਗਿਆ ਸੀ। ਅਚਾਨਕ ਚੀਕੂ ਨੂੰ ਮੋਟੂ ਭਾਲੂ ਦਾ ਘਰ ਦਿਖਾਈ ਦਿੱਤਾ। ਉਹ ਝੱਟ ਕਰਕੇ ਉਸ ਵਿੱਚ ਵੜ ਗਿਆ। ਮੋਟੂ ਨੇ ਜਦ ਚੀਕੂ ਨੂੰ ਵੇਖਿਆ ਤਾਂ ਉਹ ਗੁੱਸੇ ਵਿੱਚ ਬੋਲਿਆ - ਤੂੰ ਸੁੰਦਰ ਪ੍ਰਾਣੀ ਮੋਟੂ ਅਤੇ ਕਾਲੂ ਪ੍ਰਾਣੀ ਦੇ ਘਰ ਕੀ ਕਰਨ ਆਇਆ ਹੈ? ਚਲ ਇਥੋਂ ਨਿਕਲ....।

- ਜਰਾ ਮੇਰੀ ਗੱਲ ਸੁਣੋ ਭਾਲੂ ਦਾਦਾ।

- ਹੱਫਦੇ ਹੋਏ ਚੀਕੂ ਨੇ ਕਿਹਾ।

- ਮੈਂ ਕੁਝ ਨਹੀਂ ਸੁਣਨਾ ਚਾਹੁੰਦਾ। -ਮੋਟੂ ਨੇ ਕਿਹਾ। ਚੀਕੂ ਨੇ ਮੋਟੂ ਦੇ ਦੋਵੇਂ ਪੈਰ ਫੜ ਲਏ ਅਤੇ ਬੋਲਿਆ- ਮੇਰੇ ਪਿੱਛੇ ਅੱਠ-ਦਸ ਸ਼ਿਕਾਰੀ ਕੁੱਤੇ ਪਏ ਹਨ। ਅੱਜ ਤੁਸੀਂ ਮੈਨੂੰ ਆਪਣੇ ਘਰ ਤੋਂ ਕੱਢ ਦਿਉਗੇ ਤਾਂ ਉਹ ਮੈਨੂੰ ਮਾਰ ਦੇਣਗੇ। ਮੈਨੂੰ ਕੀ ਪਤਾ ਸੀ ਦਾਦਾ ਕਿ ਮੇਰੀ ਸੁੰਦਰਤਾ ਹੀ ਮੇਰੀ ਜਾਨ ਦੀ ਦੁਸ਼ਮਣ ਬਣ ਜਾਏਗੀ। ਆਪ ਬੜੇ ਦਿਆਲੂ ਹੋ ਦਾਦਾ, ਮੇਰੇ ਤੇ ਦਯਾ ਕਰੋ। - ਚੀਕੂ ਰੋਣ ਲੱਗਾ। ਮੋਟੂ ਭਾਲੂ ਨੂੰ ਦਯਾ ਆ ਗਈ। ਉਹ ਬੋਲਿਆ-ਠੀਕ ਹੈ, ਤੂੰ ਇਥੇ ਠਹਿਰ, ਮੈਂ ਬਾਹਰ ਜਾ ਕੇ ਵੇਖਦਾ ਹਾਂ।

ਚੀਕੂ ਨੇ ਸੁੱਖ ਦੀ ਸਾਹ ਲੈਂਦੇ ਹੋਏ ਕਿਹਾ - 'ਜਾਨ ਬਚੀ ਤਾਂ ਲਾਖੋਂ ਪਾਏ।'

ਭਾਲੂ ਜਿਉਂ ਹੀ ਬਾਹਰ ਆਇਆ ਉਹਨੂੰ ਵੇਖ ਕੇ ਸਾਰੇ ਸ਼ਿਕਾਰੀ ਕੁੱਤੇ ਦੁਮ ਦਬਾ ਕੇ ਭੱਜ ਗਏ। ਮੋਟੂ ਭਾਲੂ ਨੇ ਸਾਰੇ ਜਾਨਵਰਾਂ ਨੂੰ ਆਪਣੇ ਘਰ ਬੁਲਾ ਲਿਆ। ਥੋੜੀ ਹੀ ਦੇਰ ਵਿੱਚ ਸਾਰੇ ਇਕੱਠੇ ਹੋ ਗਏ। ਭਾਲੂ ਨੇ ਚੀਕੂ ਦੀ ਸਾਰੀ ਕਹਾਣੀ ਉਹਨਾਂ ਦੇ ਸਾਹਮਣੇ ਦੁਹਰਾ ਦਿੱਤੀ। ਸਾਰੇ ਜਾਨਵਰਾਂ ਦਾ ਗੁੱਸਾ ਚੀਕੂ ਨੂੰ ਭਿੱਜੀ ਬਿੱਲੀ ਬਣੇ ਹੋਏ ਵੇਖ ਕੇ ਠੰਡਾ ਹੋ ਚੁੱਕਾ ਸੀ। ਸਾਰਿਆਂ ਨੇ ਉਸ ਨੂੰ ਮਾਫ਼ ਕਰ ਦਿੱਤਾ।

ਚੀਕੂ ਖਰਗੋਸ਼ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਸੁੰਦਰਵਨ ਦੇ ਨਿਯਮਾਂ ਤੇ ਚੱਲਣ ਲਈ ਤਿਆਰ ਹੋ ਗਿਆ। ਉਸ ਦੇ ਸਿਰ ਤੋਂ ਸੁੰਦਰਤਾ ਦਾ ਭੂਤ ਉਤਰ ਚੁਕਾ ਸੀ।



❑ ਦਿਨੇਸ਼ ਦਰਪਣ

# ਕਿਵੇਂ ਬਣੀ ਦੁਨੀਆਂ ਦੀ ਪਹਿਲੀ ਲਾਇਬਰੇਰੀ?



ਅੱਜ ਤੋਂ ਲਗਭਗ ਪੰਜ ਹਜ਼ਾਰ ਸਾਲ ਪਹਿਲਾਂ ਅਸੀਰਿਆ ਵਿੱਚ ਇਕ ਰਾਜਾ ਸੀ। ਉਹਨੂੰ ਵਿਦਵਾਨਾਂ ਨੂੰ ਦਰਬਾਰ ਵਿੱਚ ਬੁਲਾਉਣ, ਉਹਨਾਂ ਤੋਂ ਗਿਆਨ ਦੀਆਂ ਗੱਲਾਂ ਸੁਣਨ ਅਤੇ ਉਹਨਾਂ ਦਾ ਸਨਮਾਨ ਕਰਨ ਦਾ ਬਹੁਤ ਸ਼ੌਕ ਸੀ। ਰਾਜਾ ਇਸ ਗੱਲ ਤੋਂ ਪ੍ਰੇਸ਼ਾਨ ਰਹਿੰਦਾ ਸੀ ਕਿ ਉਹ ਵਿਦਵਾਨਾਂ ਦੁਆਰਾ ਕਹੀਆਂ ਗਈਆਂ ਸਾਰੀਆਂ ਗੱਲਾਂ ਨੂੰ ਯਾਦ ਨਹੀਂ ਰੱਖ ਸਕਦਾ ਸੀ।

ਇਕ ਦਿਨ ਸਵੇਰੇ ਜਦ ਉਹ ਸੈਰ ਕਰਨ ਲਈ ਜਾ ਰਿਹਾ ਸੀ। ਘੁਮਿਆਰ ਦੁਆਰਾ ਬਣਾਏ ਗਏ ਮਿੱਟੀ ਦੇ ਬਰਤਨ ਆਵੇ ਵਿੱਚ ਪੱਕ ਰਹੇ ਸਨ। ਇਹ ਤਰੀਕਾ ਰਾਜਾ ਨੂੰ ਪਸੰਦ ਆ ਗਿਆ। ਰਾਜਾ ਨੇ ਬਹੁਤ ਸਾਰੇ ਘੁਮਿਆਰਾਂ ਨੂੰ ਇਸ ਦਿਸ਼ਾ ਵਿੱਚ ਆਪਣੀ ਯੋਜਨਾ ਅਨੁਸਾਰ ਕੰਮ ਤੇ ਲਗਾ ਦਿੱਤਾ। ਮਿੱਟੀ ਦੀਆਂ ਚਿਕਨੀਆਂ ਅਤੇ ਚੌਕਾਰ ਪੱਟੀਆਂ ਬਣਾਈਆਂ ਜਾਣ ਲੱਗੀਆਂ। ਦਰਬਾਰ ਦੇ ਵਿਦਵਾਨਾਂ ਨੇ ਉਹਨਾਂ ਤੇ ਲੋਹੇ ਦੀਆਂ ਸਲਾਈਆਂ ਨਾਲ ਨੀਤੀਵਾਕ, ਧਰਮਗ੍ਰੰਥ ਅਤੇ ਕਾਨੂੰਨ ਸਬੰਧੀ ਗੱਲਾਂ ਲਿਖੀਆਂ। ਇਹ ਭਾਸ਼ਾ ਚਿਤਰਲਿਪੀ ਵਰਗੀ ਸੀ। ਇਹਨਾਂ ਪੱਟੀਆਂ ਨੂੰ ਆਵੇ ਵਿੱਚ ਪਕਾ ਕੇ ਉਹਨਾਂ ਨੂੰ ਸੁੰਦਰ ਬਣਾਉਣ ਲਈ ਵਿਭਿੰਨ ਰੰਗਾਂ ਨਾਲ ਰੰਗਿਆ ਗਿਆ।

ਇਸ ਪ੍ਰਕਾਰ ਅਸੀਰਿਆ ਦੇ ਰਾਜਾ ਨੇ ਗ੍ਰੰਥਾਂ ਨੂੰ ਸੁਰੱਖਿਅਤ ਰੱਖਣ ਦਾ ਉਪਾਅ ਲੱਭ ਲਿਆ ਸੀ। ਇਹ ਸੰਸਾਰ ਦੀ ਪਹਿਲੀ ਲਾਇਬ੍ਰੇਰੀ ਸੀ। ਕਿਹਾ ਜਾਂਦਾ ਹੈ ਕਿ ਉਸ ਦੇ ਕੋਲ ਇਸ ਤਰ੍ਹਾਂ ਦੀਆਂ ਵੀਹ ਹਜ਼ਾਰ ਤੋਂ ਵੀ ਜ਼ਿਆਦਾ ਪੱਟੀਆਂ ਸਨ। ਅਸੀਰਿਆ ਵਿੱਚ ਅਜਿਹੀਆਂ ਅਨੇਕ ਪੱਟੀਆਂ ਖੁਦਾਈ ਵਿੱਚ ਮਿਲੀਆਂ ਹਨ। ਇਸ ਤੋਂ ਪਹਿਲਾਂ ਗੁਰੂ ਆਪਣੇ ਚੇਲਿਆਂ ਨੂੰ, ਪਿਤਾ ਆਪਣੇ ਪੁੱਤਰਾਂ ਨੂੰ ਧਰਮਗ੍ਰੰਥ, ਆਚਾਰ-ਸੰਸਕਾਰ, ਵੇਦ-ਪੁਰਾਣ ਆਦਿ ਬਚਪਨ ਤੋਂ ਹੀ ਰਟਾਉਣਾ ਸ਼ੁਰੂ ਕਰ ਦਿੰਦੇ ਸਨ। ਸਾਰੇ ਗ੍ਰੰਥ ਬਸ ਯਾਦਦਾਸ਼ਤ ਤੇ ਹੀ ਸੁਰੱਖਿਅਤ ਸਨ। ਅਸਲੀ ਮੰਤਰ ਅਤੇ ਗ੍ਰੰਥ ਸਮੇਂ ਦੇ ਨਾਲ ਬਦਲ ਜਾਂਦੇ ਜਾਂ ਫਿਰ ਉਹਨਾਂ ਨੂੰ ਭੁਲਾ ਦਿੱਤਾ ਜਾਂਦਾ।

ਸਿਕੰਦਰ ਨੇ ਮਿਸਰ ਵਿੱਚ ਗ੍ਰੰਥਾਂ ਨੂੰ ਸੁਰੱਖਿਅਤ ਰੱਖਣ ਦਾ ਦੂਸਰਾ ਉਪਾਅ ਖੋਜ ਲਿਆ ਸੀ। ਉਹ ਸੀ ਪੈਪਾਈਰਸ ਨਾਮ ਦੇ ਸਰਕੰਡੇ ਦੇ ਗੁਦੇ ਨੂੰ ਪੀਟ-ਪੀਟ ਕੇ ਚਪਟਾ ਕਰ ਦਿਤਾ ਜਾਂਦਾ। ਫਿਰ ਉਹਨਾਂ ਨੂੰ ਆਪਸ ਵਿੱਚ ਜੋੜ ਕੇ ਇਕ ਲੰਮੀ ਪੱਟੀ ਬਣਾ ਲੈਂਦੇ। ਇਸ ਦੇ ਸਿਰਿਆਂ ਤੇ ਲੱਕੜੀ ਲਗੀ ਰਹਿੰਦੀ ਸੀ। ਇਸ ਨੂੰ ਸਰਕੋਲ ਕਹਿੰਦੇ ਸਨ। ਇਕ ਪਾਸੇ ਖੋਲ੍ਹ ਕੇ ਪੜਦੇ ਜਾਂਦੇ ਅਤੇ ਦੂਸਰੇ ਪਾਸੇ ਤੋਂ ਲਪੇਟਦੇ ਜਾਂਦੇ ਸਨ। ਧਨਵਾਨ ਲੋਕ ਲੱਕੜੀ ਦੀ ਜਗ੍ਹਾ ਹਾਥੀ ਦੰਦ, ਸਿੰਗ ਅਤੇ ਚੰਦਨ ਦੀ ਲੱਕੜੀ ਲਗਵਾਉਂਦੇ ਸਨ। ਸਿਕੰਦਰ ਦੁਆਰਾ ਸਿਕੰਦਰੀਆ ਨਗਰ ਵਿੱਚ ਬਣਾਈ ਗਈ ਇਹ ਦੁਨੀਆ ਦੀ ਦੂਸਰੀ ਲਾਇਬ੍ਰੇਰੀ ਸੀ। ਹਵਾ, ਪਾਣੀ ਅਤੇ ਧੁੱਪ ਦਾ ਸਮੇਂ ਦੇ ਨਾਲ-ਨਾਲ ਇਹਨਾਂ ਤੇ ਪ੍ਰਭਾਵ ਪੈਂਦਾ ਸੀ ਅਤੇ ਸੁੱਕ ਕੇ ਝੜ ਜਾਂਦੇ ਸਨ ਜਾਂ ਪਾਣੀ ਵਿੱਚ ਗਲ ਜਾਂਦੇ ਸਨ। ਇਸ ਲਈ ਇਹਨਾਂ ਨੂੰ ਵਾਰ-ਵਾਰ ਲਿਖਣਾ ਪੈਂਦਾ ਸੀ। ਸਾਡੇ ਦੇਸ਼ ਭਾਰਤ ਵਿੱਚ ਕੁਝ ਸਮੇਂ ਤਕ ਚਮੜੇ ਤੇ ਵੀ ਲਿਖਿਆ ਜਾਂਦਾ ਸੀ।

ਇਹਨਾਂ ਪੁਸਤਕਾਂ ਨੂੰ ਹੱਥ ਨਾਲ ਲਿਖਣ ਵਿੱਚ ਸਮਾਂ ਅਤੇ ਮਿਹਨਤ ਜ਼ਿਆਦਾ ਲੱਗਦੀ ਸੀ। ਮੱਧਕਾਲ ਤਕ ਪੁਸਤਕ ਹੱਥ ਨਾਲ ਲਿਖੀ ਜਾਂਦੀ ਰਹੀ। ਇਸ ਲਈ ਇਹਨਾਂ ਨੂੰ ਸੰਭਾਲ ਕੇ ਰੱਖਣਾ ਪੈਂਦਾ ਸੀ। ਇਸ ਤਰ੍ਹਾਂ ਦੀਆਂ ਕਿਤਾਬਾਂ ਨੂੰ ਵੱਖ-ਵੱਖ ਜੰਜੀਰਾਂ ਨਾਲ ਬੰਨ ਕੇ ਰੱਖਿਆ ਜਾਂਦਾ ਸੀ। ਜੰਜੀਰਾਂ ਦਾ ਦੂਸਰਾ ਸਿਰਾ ਅਲਮਾਰੀਆਂ ਨਾਲ ਜੁੜਿਆ ਰਹਿੰਦਾ ਸੀ। ਇਹ ਲਾਇਬ੍ਰੇਰੀਆਂ ਚੇਨ ਲਾਇਬ੍ਰੇਰੀ ਕਹਾਉਂਦੀਆਂ ਸਨ। ਇਸ ਤਰ੍ਹਾਂ ਦੀਆਂ ਚੇਨ ਲਾਇਬ੍ਰੇਰੀਆਂ ਇੰਗਲੈਂਡ ਵਿੱਚ ਜ਼ਿਆਦਾ ਪ੍ਰਚਲਿਤ ਸਨ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ : ਆਕਾਸ਼ ਨੀਲਾ ਕਿਉਂ ਦਿਖਾਈ ਦਿੰਦਾ ਹੈ?**

**ਉੱਤਰ :** ਸੂਰਜ ਦੇ ਪ੍ਰਕਾਸ਼ ਵਿੱਚ ਸੱਤ ਰੰਗ ਮਿਲਦੇ ਹਨ। ਜਦ ਸੱਤ ਰੰਗਾਂ ਵਾਲਾ ਇਹ ਪ੍ਰਕਾਸ਼ ਵਾਯੂ ਮੰਡਲ ਦੇ ਕਣਾਂ ਨਾਲ ਟਕਰਾਉਂਦਾ ਹੈ ਤਾਂ ਰੰਗਾਂ ਵਿੱਚ ਤਬਦੀਲੀ ਦੀ ਕਿਰਿਆ ਸ਼ੁਰੂ ਹੋ ਜਾਂਦੀ ਹੈ। ਬੈਂਗਨੀ, ਨੀਲੇ ਜਾਂ ਅਸਮਾਨੀ ਰੰਗ ਦੀ ਤਬਦੀਲੀ ਸਭ ਤੋਂ ਜ਼ਿਆਦਾ ਹੁੰਦਾ ਹੈ ਅਤੇ ਬਾਕੀ ਰੰਗਾਂ (ਹਰਾ, ਪੀਲਾ, ਨਾਰੰਗੀ ਅਤੇ ਲਾਲ) ਦੀ ਤਬਦੀਲੀ ਘੱਟ। ਉਪਰੋਕਤ ਤਿੰਨਾਂ ਰੰਗਾਂ ਦੀ ਤਬਦੀਲੀ ਨਾਲ ਲਗਭਗ ਨੀਲੇ ਰੰਗ ਦੀ ਹੀ ਉਤਪਤੀ ਹੁੰਦੀ ਹੈ ਅਤੇ ਆਕਾਸ਼ ਨੀਲਾ ਦਿਖਾਈ ਦਿੰਦਾ ਹੈ।

**ਪ੍ਰਸ਼ਨ : ਇੰਦਰਧਨੁਸ਼ ਵਰਖਾ ਦੇ ਬਾਦ ਹੀ ਕਿਉਂ ਦਿਖਾਈ ਦਿੰਦਾ ਹੈ?**

**ਉੱਤਰ :** ਕੱਚ ਦੇ ਤਿਕੋਨੇ ਟੁਕੜੇ ਨੂੰ ਪ੍ਰਿਜਮ ਕਹਿੰਦੇ ਹਨ। ਜਦ ਸੂਰਜ ਦਾ ਪ੍ਰਕਾਸ਼ ਪ੍ਰਿਜਮ ਦੇ ਇਕ ਫਲਕ ਤੇ ਪੈਂਦਾ ਹੈ ਤਾਂ ਪ੍ਰਕਾਸ਼ ਵੰਡ ਕੇ ਸੱਤ ਰੰਗਾਂ ਵਿੱਚ ਵੰਡ ਜਾਂਦਾ ਹੈ ਇੰਦਰਧਨੁਸ਼ ਦਾ ਬਣਨਾ ਵੀ ਇਸੇ ਕਿਰਿਆ ਦਾ ਇਕ ਉਦਾਹਰਣ ਹੈ। ਵਰਖਾ ਰੁਕਣ ਦੇ ਬਾਦ ਵਾਯੂਮੰਡਲ ਵਿੱਚ ਪਾਣੀ ਦੀਆਂ ਬੂੰਦਾਂ ਮੌਜੂਦ ਰਹਿੰਦੀਆਂ ਹਨ। ਜਦ ਸੂਰਜ ਦਾ ਪ੍ਰਕਾਸ਼ ਇਹਨਾਂ ਬੂੰਦਾਂ ਤੇ ਪੈਂਦਾ ਹੈ ਤਾਂ ਬੂੰਦਾਂ ਪ੍ਰਿਜਮ ਦਾ ਕੰਮ ਕਰਨ ਲੱਗਦੀਆਂ ਹਨ ਅਤੇ ਸੂਰਜ ਦੇ ਪ੍ਰਕਾਸ਼ ਨੂੰ ਸੱਤ ਰੰਗਾਂ ਵਿੱਚ ਵੰਡ ਦਿੰਦੀਆਂ ਹਨ। ਇਸਲਈ ਇੰਦਰਧਨੁਸ਼ ਬਣ ਜਾਂਦਾ ਹੈ।

**ਪ੍ਰਸ਼ਨ : ਪਾਣੀ ਨਾਲ ਭਰੇ ਟੱਬ ਵਿੱਚ ਤਲ ਤੇ ਰੱਖਿਆ ਹੋਇਆ ਸਿੱਕਾ ਤੁਹਾਨੂੰ ਉਠਿਆ ਹੋਇਆ ਕਿਉਂ ਲੱਗਦਾ ਹੈ?**


**ਉੱਤਰ :** ਉਹ ਭੌਤਿਕ ਸਾਧਨ ਜਿਸ ਵਿਚੋਂ ਪ੍ਰਕਾਸ਼ ਗੁਜਰਦਾ ਹੈ, ਮਾਧਿਅਮ ਕਹਿਲਾਉਂਦਾ ਹੈ। ਮਾਧਿਅਮ ਦੋ ਪ੍ਰਕਾਰ ਦੇ ਹੁੰਦੇ ਹਨ- ਵਿਰਲ ਅਤੇ ਸੰਘਨ। ਹਵਾ ਵਿਰਲ ਮਾਧਿਅਮ ਹੈ ਜਦਕਿ ਕੱਚ ਅਤੇ ਪਾਣੀ ਸੰਘਨ ਮਾਧਿਅਮ ਦੇ ਉਦਾਹਰਣ ਹਨ। ਅਪਵਰਤਨ ਦੇ ਕਾਰਣ ਜਦ ਪ੍ਰਕਾਸ਼ ਦੀਆਂ ਕਿਰਣਾਂ ਸੰਘਨ ਮਾਧਿਅਮ ਤੋਂ ਚੱਲ ਕੇ ਵਿਰਲ ਮਾਧਿਅਮ ਵਿੱਚ ਪ੍ਰਵੇਸ਼ ਕਰਦੀਆਂ ਹਨ ਬਾਹਰ ਤੋਂ ਵੇਖਣ ਤੇ ਪਾਣੀ ਨਾਲ ਭਰੇ ਹੋਏ ਟੱਬ ਵਿੱਚ ਤਲ ਤੇ ਰੱਖਿਆ ਹੋਇਆ ਸਿੱਕਾ ਤੁਹਾਨੂੰ ਉਠਿਆ ਹੋਇਆ ਪ੍ਰਤੀਤ ਹੁੰਦਾ ਹੈ।

**ਪ੍ਰਸ਼ਨ : ਸ਼ਰਬਤ ਬਣਾਉਣ ਲਈ ਪਾਣੀ ਵਿੱਚ ਪਹਿਲਾਂ ਚੀਨੀ ਪਾ ਕੇ ਫਿਰ ਬਰਫ਼ ਕਿਉਂ ਮਿਲਾਈ ਜਾਂਦੀ ਹੈ?**

**ਉੱਤਰ :** ਸ਼ਰਬਤ ਬਣਾਉਣ ਲਈ ਪਾਣੀ ਵਿੱਚ ਚੀਨੀ ਅਤੇ ਬਰਫ਼ ਮਿਲਾਈ ਜਾਂਦੀ ਹੈ। ਪ੍ਰੰਤੂ, ਪਾਣੀ ਵਿੱਚ ਪਹਿਲਾਂ ਬਰਫ਼ ਨਾ ਪਾ ਕੇ ਚੀਨੀ ਹੀ ਪਾਈ ਜਾਂਦੀ ਹੈ। ਅਗਰ ਸ਼ਰਬਤ ਬਣਾਉਣ ਲਈ ਬਰਫ਼ ਪਹਿਲਾਂ ਪਾ ਦਿੱਤੀ ਜਾਏ ਤਾਂ ਪਾਣੀ ਦਾ ਤਾਪਮਾਨ ਘੱਟ ਹੋ ਜਾਏਗਾ ਅਤੇ ਪਾਣੀ ਦੀ ਘੋਲਣ ਦੀ ਸ਼ਕਤੀ (ਵਿਲਾਯਕਤਾ) ਘੱਟ ਹੋ ਜਾਏਗੀ। ਇਸਲਈ ਚੀਨੀ ਠੀਕ ਢੰਗ ਨਾਲ ਨਹੀਂ ਘੁਲੇਗੀ। ❑

• ਮਨਮੋਹਨ ਬਾਵਾ

# ਹਰ ਬੱਚੇ ਦੇ 'ਚਾਚਾ ਨਹਿਰੂ'



ਪੰਡਿਤ ਜਵਾਹਰ ਲਾਲ ਨਹਿਰੂ ਸਾਡੇ ਦੇਸ਼ ਦੇ ਪਹਿਲੇ ਪ੍ਰਧਾਨਮੰਤਰੀ ਸਨ। ਉਹ ਇਕ ਮਹਾਨ ਕਵੀ ਵੀ ਸਨ। ਛੋਟੇ-ਛੋਟੇ ਬੱਚਿਆਂ ਨੂੰ ਤਾਂ ਉਹ ਇਨ੍ਹਾਂ ਪਿਆਰ ਕਰਦੇ ਸਨ ਕਿ ਆਪਣਾ ਜਨਮਦਿਨ ਹੀ ਬੱਚਿਆਂ ਦੇ ਨਾਮ ਕਰ ਦਿੱਤਾ। ਇਸਦਾ ਮਤਲਬ ਹੈ ਕਿ ਮੈਨੂੰ ਯਾਦ ਕਰੋ ਭਾਵੇਂ ਨਾ ਕਰੋ ਪਰ ਮੇਰੇ ਦੇਸ਼ ਦੇ ਬੱਚਿਆਂ ਨੂੰ ਹਮੇਸ਼ਾ ਪਿਆਰ ਕਰਦੇ ਰਹੋ। ਇਸ ਲਈ ਉਹਨਾਂ ਦਾ ਜਨਮਦਿਨ 14 ਨਵੰਬਰ ਨੂੰ ਬਾਲ ਦਿਵਸ ਦੇ ਰੂਪ ਵਿਚ ਹਰ ਸਾਲ ਮਨਾਇਆ ਜਾਂਦਾ ਹੈ। ਬੱਚੇ ਵੀ ਪਿਆਰ ਨਾਲ ਉਹਨਾਂ ਨੂੰ ਚਾਚਾ ਨਹਿਰੂ ਹੀ ਕਹਿੰਦੇ ਸਨ। ਚਾਚਾ ਨਹਿਰੂ ਜੀ ਵੀ ਬੱਚਿਆਂ ਬਾਰੇ ਕਹਿੰਦੇ ਸਨ :

''ਬੱਚੇ ਇਕ ਬਗੀਚੇ ਦੀ ਕਲੀ ਵਾਂਗ ਹੁੰਦੇ ਹਨ। ਇਹ ਅੱਜ ਦੇ ਬੱਚੇ ਹੀ ਕੱਲ ਨੂੰ ਮੇਰੇ ਭਾਰਤ ਦੇਸ਼ ਦਾ ਸਰਵਪੱਖੀ ਵਿਕਾਸ ਕਰਦੇ ਹੋਏ ਤਰੱਕੀ ਕਰਦੇ ਜਾਣਗੇ।''

14 ਨਵੰਬਰ ਬੱਚਿਆਂ ਦੀ ਦੇਖਭਾਲ ਅਤੇ ਸਿੱਖਿਆ ਦੇਣ ਲਈ ਸਾਡੇ ਭਾਰਤ ਦੇਸ਼ ਦੇ ਲੋਕਾਂ ਅੰਦਰ ਜਾਗ੍ਰਤੀ ਪੈਦਾ ਕਰਦਾ ਹੈ। ਇਹ ਛੋਟੇ-ਛੋਟੇ ਬੱਚੇ ਹੀ ਦੇਸ਼ ਦੇ ਵਿਕਾਸ ਦੀ ਕੁੰਜੀ ਹਨ। ਇਹ ਕੁੰਜੀ ਪਰਮਾਤਮਾ ਦੁਆਰਾ ਮਾਤਾ-ਪਿਤਾ ਨੂੰ ਦਿੱਤਾ ਗਿਆ ਇਕ ਅਨਮੋਲ ਤੋਹਫਾ ਹੈ। ਇਸ ਸੰਸਾਰ ਰੂਪੀ ਬਗੀਚੇ ਵਿਚ ਬੱਚੇ ਰੂਪੀ ਕਲੀਆਂ ਦੀ ਦੇਖਭਾਲ ਇਹਨਾਂ ਦਾ ਪਾਲਣ ਪੋਸ਼ਣ ਕਰਨਾ ਅਤੇ ਇਹਨਾਂ ਨੂੰ ਸਹੀ ਦਿਸ਼ਾ ਦੇਣਾ ਬਹੁਤ ਜ਼ਰੂਰੀ ਹੈ।

ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾ ਕੇ 15 ਅਗਸਤ 1947 ਨੂੰ ਭਾਰਤ ਆਜ਼ਾਦ ਹੋਇਆ ਤਾਂ ਸਾਡੇ ਦੇਸ਼ ਦੇ ਬਜ਼ੁਰਗਾਂ ਨੇ ਆਜ਼ਾਦ ਹਿੰਦੁਸਤਾਨ ਦੇ ਸਰਵਪੱਖੀ ਵਿਕਾਸ ਦੇ ਸੁਪਨੇ ਵੇਖੇ ਸਨ ਜੋ ਕਿ ਬੱਚਿਆਂ ਦੁਆਰਾ ਹੀ ਸਾਕਾਰ ਹੋ ਸਕਦੇ ਹਨ।

ਅੱਜ ਸਿਰਫ ਭਾਰਤ ਨੂੰ ਹੀ ਨਹੀ ਸਗੋਂ ਪੂਰੇ ਵਿਸ਼ਵ ਨੂੰ ਪ੍ਰੇਮ ਅਤੇ ਭਾਈਚਾਰੇ ਦੀ ਜ਼ਰੂਰਤ ਹੈ। ਇਸ ਲਈ ਹਰ ਮਨੁੱਖ ਦੀ ਜ਼ਿੰਮੇਵਾਰੀ ਹੈ ਕਿ ਬੱਚਿਆਂ ਨੂੰ ਬੜੇ ਪ੍ਰੇਮ-ਪੂਰਵਕ ਨੈਤਿਕ ਅਤੇ ਮੌਲਿਕ ਸਿਖਿਆ ਦੇਵੇ। ਇਸ ਲਈ 14 ਨਵੰਬਰ ਨੂੰ ਸਕੂਲਾਂ ਅਤੇ ਕਾਲਿਜਾਂ ਵਿਚ ਸਭਿਆਚਾਰਕ ਪ੍ਰੋਗਰਾਮ ਕੀਤੇ ਵੀ ਜਾਂਦੇ ਹਨ। ਇਸ ਦਿਨ ਬੱਚਿਆਂ ਨੂੰ ਉਹਨਾਂ ਦੇ ਮਨਪਸੰਦ ਤੋਹਫੇ ਵੀ ਦੇਣੇ ਚਾਹੀਦੇ ਹਨ ਪਰੰਤੂ ਸਭ ਤੋਂ ਅਨਮੋਲ ਤੋਹਫਾ ਬੱਚਿਆਂ ਲਈ ਸਿੱਖਿਆ ਹੈ।

''ਜੇਕਰ ਹਰ ਇਕ ਬੱਚਾ ਪੜੇਗਾ।
ਤਾਂ ਹੀ ਭਾਰਤ ਤਰੱਕੀ ਕਰੇਗਾ।''



ਬਾਲ ਕਹਾਣੀ : ਸੀਤਾਰਾਮ ਗੁਪਤਾ

# ਸਫਲਤਾ ਦਾ ਰਾਜ

ਗੋਪਾਲ ਦੇ ਕੋਲ ਜ਼ਮੀਨ ਤਾਂ ਬਹੁਤ ਸੀ ਅਤੇ ਉਹ ਮਿਹਨਤ ਵੀ ਖ਼ੂਬ ਕਰਦਾ ਸੀ। ਲੇਕਿਨ ਇਸ ਦੇ ਬਾਵਜੂਦ ਉਸ ਦੇ ਖੇਤਾਂ ਵਿੱਚ ਜੋ ਅਨਾਜ਼ ਅਤੇ ਸਬਜ਼ੀਆਂ ਪੈਦਾ ਹੁੰਦੀਆਂ ਸਨ ਉਹ ਉਸਦੇ ਗਵਾਂਢੀਆਂ ਦੇ ਮੁਕਾਬਲੇ ਕਾਫੀ ਘੱਟ ਹੁੰਦੀਆਂ ਸਨ। ਗੋਪਾਲ ਨੂੰ ਇਸ ਗੱਲ ਦਾ ਬੜਾ ਮਲਾਲ ਸੀ। ਉਹ ਵੀ ਚਾਹੁੰਦਾ ਸੀ ਕਿ ਉਸ ਦਾ ਘਰ ਵੀ ਗਵਾਂਢੀਆਂ ਦੇ ਘਰਾਂ ਦੀ ਤਰ੍ਹਾਂ ਅਨਾਜ ਨਾਲ ਭਰਿਆ ਰਹੇ ਅਤੇ ਢੇਰ ਸਾਰੀਆਂ ਸਬਜ਼ੀਆਂ ਵੇਚ ਕੇ ਖ਼ੂਬ ਪੈਸਾ ਕਮਾਏ। ਗੋਪਾਲ ਨੇ ਇਸ ਗੱਲ ਤੇ ਖ਼ੂਬ ਸੋਚ-ਵਿਚਾਰ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਗਵਾਂਢੀਆਂ ਦੇ ਖੇਤਾਂ ਵਿੱਚ ਸਿੰਚਾਈ ਲਈ ਖੂਹ ਖੋਦੇ ਹੋਏ ਹਨ। ਸਮੇਂ ਸਿਰ ਸਿੰਚਾਈ ਹੋ ਜਾਣ ਨਾਲ ਉਹਨਾਂ ਦੇ ਖੇਤਾਂ ਵਿੱਚ ਫਸਲਾਂ ਖ਼ੂਬ ਵਧਦੀਆਂ ਅਤੇ ਫਲਦੀਆਂ-ਫੁਲਦੀਆਂ ਹਨ ਅਤੇ ਕਾਫੀ ਅਨਾਜ਼ ਅਤੇ ਸਬਜ਼ੀਆਂ ਪੈਦਾ ਹੁੰਦੀਆਂ ਹਨ। ਗੋਪਾਲ ਨੇ ਵੀ ਆਪਣੇ ਖੇਤਾਂ ਦੀ ਸਿੰਚਾਈ ਕਰਨ ਲਈ ਇਕ ਖੂਹ ਪੁੱਟਣ ਦਾ ਨਿਸ਼ਚਾ ਕੀਤਾ।

ਇਕ ਯੋਗ ਸਥਾਨ ਦੀ ਚੋਣ ਕਰਕੇ ਗੋਪਾਲ ਨੇ ਖੁਦਾਈ ਸ਼ੁਰੂ ਕਰ ਦਿੱਤੀ। ਉਹ ਲਗਾਤਾਰ ਕੰਮ ਕਰਦਾ ਰਿਹਾ ਅਤੇ ਦਸ-ਬਾਰਾਂ ਫੁੱਟ ਦਾ ਖੱਡਾ ਖੋਦ ਦਿੱਤਾ। ਦਾਸ-ਬਾਰਾਂ ਫੁੱਟ ਜ਼ਮੀਨ ਖੋਦਣ ਤੇ ਵੀ ਜਦ ਪਾਣੀ ਨਹੀਂ ਨਿਕਲਿਆ ਤਾਂ ਉਹ ਉਦਾਸ ਹੋ ਕੇ ਬੈਠ ਗਿਆ। ਉਹਨੂੰ ਉਦਾਸ ਬੈਠਾ ਵੇਖ ਕੇ ਉਸ ਰਾਹ ਤੋਂ ਗੁਜਰਨ ਵਾਲੇ ਇਕ ਵਿਅਕਤੀ ਨੇ ਗੋਪਾਲ ਤੋਂ ਉਸ ਦੀ ਉਦਾਸੀ ਦਾ ਕਾਰਣ ਪੁੱਛਿਆ ਅਤੇ ਉਸ ਨੂੰ ਕੁਝ ਹੀ ਦੂਰੀ ਤੇ ਇਕ ਦੂਸਰਾ ਖੂਹ ਪੁੱਟਣ ਦੀ ਸਲਾਹ ਦਿੱਤੀ। ਹੁਣ ਗੋਪਾਲ ਨੇ ਉਸ ਵਿਅਕਤੀ ਦੇ ਦੱਸੇ ਨਵੇਂ ਸਥਾਨ ਤੇ ਖੁਦਾਈ ਸ਼ੁਰੂ ਕਰ ਦਿੱਤੀ। ਲੇਕਿਨ ਦਸ-ਬਾਰਾਂ ਫੁੱਟ ਤਾਂ ਕੀ ਪੰਦਰਾਂ ਫੁੱਟ ਦੀ ਖੁਦਾਈ ਕਰਨ ਦੇ ਬਾਅਦ ਵੀ ਪਾਣੀ ਦੇ ਦਰਸ਼ਨ ਨਹੀਂ ਹੋਏ। ਗੋਪਾਲ ਫਿਰ ਨਿਰਾਸ਼ ਹੋ ਕੇ ਬੈਠ ਗਿਆ।

ਤਦੇ ਇਕ ਹੋਰ ਵਿਅਕਤੀ ਉਥੇ ਆਇਆ ਅਤੇ ਉਸ ਨੇ ਗੋਪਾਲ ਨੂੰ ਸਲਾਹ ਦਿਤੀ ਕਿ ਅਗਰ ਇਥੇ ਪਾਣੀ ਨਹੀਂ ਨਿਕਲਿਆ ਤਾਂ ਕੋਈ ਗੱਲ ਨਹੀਂ। ਉਥੇ ਸਾਹਮਣੇ ਰੁੱਖ ਦੇ ਕੋਲ ਖੂਹ ਖੋਦੋਗੇ ਤਾਂ ਪਾਣੀ ਜ਼ਰੂਰ ਨਿਕਲ ਆਏਗਾ। ਹੁਣ ਗੋਪਾਲ ਉਸ ਵਿਅਕਤੀ ਦੁਆਰਾ ਸੁਝਾਏ ਗਏ ਸਥਾਨ ਤੇ ਖੁਦਾਈ ਕਰਨ ਵਿੱਚ ਜੁੱਟ ਗਿਆ ਅਤੇ ਮਿਹਨਤ ਕਰਕੇ ਵੀਹ ਫੁੱਟ ਗਹਿਰਾ ਖੱਡਾ ਖੋਦ ਦਿੱਤਾ ਲੇਕਿਨ ਪਾਣੀ ਹੁਣ ਵੀ ਨਹੀਂ ਆਇਆ ਸੀ। ਗੋਪਾਲ ਝੁੰਝਲਾ ਉਠਿਆ। ਗੋਪਾਲ ਦੀ ਝੁੰਝਲਾਹਟ ਵੇਖ ਕੇ ਕੋਲੋਂ ਗੁਜਰਨ ਵਾਲੇ ਇਕ ਹੋਰ ਵਿਅਕਤੀ ਨੇ ਸਲਾਹ ਦਿੱਤੀ ਕਿ ਅਗਰ ਇਸ ਜਗ੍ਹਾ ਤੋਂ





ਪੱਛਮ ਵੱਲ ਵੀਹ ਫੁੱਟ ਦੀ ਦੂਰੀ ਤੇ ਖੂਹ ਪੁੱਟੋਗੇ ਤਾਂ ਇਸ ਵਾਰ ਪਾਣੀ ਜ਼ਰੂਰ ਹੀ ਨਿਕਲ ਆਏਗਾ। ਗੋਪਾਲ ਲੋਕਾਂ ਦੀ ਸਲਾਹ ਮੰਨ ਕੇ ਕਾਫੀ ਪ੍ਰੇਸ਼ਾਨ ਹੋ ਚੁੱਕਾ ਸੀ। ਉਸਦੀ ਹਿੰਮਤ ਜਵਾਬ ਦੇ ਚੁੱਕੀ ਸੀ। ਅੰਤ ਉਸ ਨੇ ਫਾਵੜਾ ਇਕ ਪਾਸੇ ਸੁੱਟ ਦਿੱਤਾ ਅਤੇ ਆਰਾਮ ਕਰਨ ਲੱਗਾ। ਉਸ ਦੇ ਮਨ ਵਿੱਚ ਅਨੇਕ ਪ੍ਰਸ਼ਨ ਉਠਣ ਲੱਗੇ। ਉਹਨੂੰ ਲੱਗਿਆ ਕਿ ਮੈਂ ਬੇਕਾਰ ਹੀ ਖੂਹ ਪੁੱਟਣ ਦੇ ਝੰਝਟ ਵਿੱਚ ਪਿਆ ਲੇਕਿਨ ਉਸ ਨੂੰ ਗਵਾਂਢੀਆਂ ਦੇ ਖੇਤਾਂ ਦੇ ਖੂਹ ਅਤੇ ਲਹਿਲਹਾਉਂਦੀਆਂ ਫਸਲਾਂ ਨਜ਼ਰ ਆਉਣ ਲੱਗੀਆਂ। ਉਸ ਦੇ ਮਨ ਵਿੱਚ ਖੂਹ ਪੁੱਟਣ ਦੀ ਇੱਛਾ ਫਿਰ ਜ਼ੋਰ ਮਾਰਨ ਲੱਗੀ।

ਗੋਪਾਲ ਨੇ ਫਿਰ ਆਸ-ਪਾਸ ਦੇ ਖੇਤਾਂ ਵਿੱਚ ਬਣੇ ਖੂਹ ਦੇ ਬਾਰੇ ਵਿੱਚ ਸੋਚਣਾ ਸ਼ੁਰੂ ਕੀਤਾ ਤਾਂ ਉਸ ਦੇ ਦਿਮਾਗ ਵਿੱਚ ਇਕ ਗੱਲ ਭੜਕ ਉਠੀ ਕਿ ਜਦ ਸਾਰਿਆਂ ਦੇ ਖੂਹਾਂ ਵਿੱਚ ਭਰਪੂਰ ਪਾਣੀ ਹੈ ਤਾਂ ਮੇਰੇ ਖੂਹ ਵਿੱਚ ਕਿਉਂ ਨਹੀਂ? ਕਿਤੇ ਨਾ ਕਿਤੇ ਕੋਈ ਭੁੱਲ ਹੋਈ ਹੈ ਜੋ ਪਾਣੀ ਨਹੀਂ ਆ ਰਿਹਾ ਹੈ। ਉਸ ਨੇ ਆਪਣੀ ਬੁੱਧੀ ਤੇ ਜ਼ੋਰ ਦਿੱਤਾ ਅਤੇ ਯਾਦ ਆਇਆ ਕਿ ਆਸ-ਪਾਸ ਦੇ ਸਾਰੇ ਖੂਹ ਤਾਂ 25 ਤੋਂ 30 ਫੁੱਟ ਤਕ ਗਹਿਰੇ ਹਨ। ਇਹ ਗੱਲ ਧਿਆਨ ਵਿੱਚ ਆਉਂਦੇ ਹੀ ਉਸ ਦੇ ਬਦਨ ਵਿੱਚ ਫੁਰਤੀ ਆ ਗਈ ਅਤੇ ਚਿਹਰੇ ਤੇ ਉਤਸ਼ਾਹ ਝਲਕਣ ਲੱਗਾ।

ਗੋਪਾਲ ਨੇ ਫੌਰਨ ਫਾਵੜਾ ਚੁੱਕਿਆ ਅਤੇ ਫਿਰ ਖੁਦਾਈ ਸ਼ੁਰੂ ਕਰ ਦਿੱਤੀ ਲੇਕਿਨ ਇਸ ਵਾਰ ਗੋਪਾਲ ਨਵੇਂ ਸਥਾਨ ਤੇ ਖੁਦਾਈ ਕਰਨ ਦੀ ਬਜਾਏ ਪਹਿਲਾਂ ਤੋਂ ਹੀ ਵੀਹ ਫੁੱਟ ਗਹਿਰੇ ਪੁਟੇ ਗਏ ਖੱਡੇ ਨੂੰ ਹੋਰ ਡੂੰਘਾ ਕਰਨ ਵਿੱਚ ਜੁੱਟ ਗਿਆ। ਉਸ ਦੇ ਹੱਥ ਹੋਰ ਤੇਜ਼ੀ ਨਾਲ ਚੱਲਣ ਲੱਗੇ। ਗੋਪਾਲ ਨੇ ਮੁਸ਼ਕਿਲ ਨਾਲ ਦੋ-ਤਿੰਨ ਫੁੱਟ ਹੀ ਹੋਰ ਪੁਟਿਆ ਹੋਵੇਗਾ ਕਿ ਪਾਣੀ ਦੇ ਸਰੋਤ ਦਿਖਾਈ ਦੇਣ ਲੱਗੇ। ਉਹ ਹੋਰ ਜਲਦੀ-ਜਲਦੀ ਫਾਵੜਾ ਚਲਾਉਣ ਲੱਗਾ ਅਤੇ ਥੋੜਾ ਜਿਹਾ ਹੀ ਹੋਰ ਪੁਟਣ ਤੇ ਖੂਹ ਵਿੱਚ ਪਾਣੀ ਆਉਣ ਲੱਗਾ। ਉਸ ਦੀ ਖੁਸ਼ੀ ਦੀ ਸੀਮਾ ਨਾ ਰਹੀ। ਉਹਨੂੰ ਘਰ ਵਿੱਚ ਅਨਾਜ ਦੇ ਵੱਡੇ-ਵੱਡੇ ਢੇਰ ਨਜ਼ਰ ਆਉਣ ਲੱਗੇ ਅਤੇ ਆਉਣ ਵੀ ਕਿਉਂ ਨਾ?

ਖੂਹ ਪੁਟਣ ਅਤੇ ਖੂਹ ਵਿੱਚ ਪਾਣੀ ਆਉਣ ਤਕ ਗੋਪਾਲ ਦੀ ਸਮਝ ਵਿੱਚ ਇਕ ਗੱਲ ਚੰਗੀ ਤਰ੍ਹਾਂ ਆ ਗਈ ਸੀ ਕਿ ਸਫਲਤਾ ਲਈ ਕੇਵਲ ਮਿਹਨਤ ਹੀ ਨਹੀਂ ਬਲਕਿ ਇਕ ਹੀ ਦਿਸ਼ਾ ਵਿੱਚ ਨਿਰੰਤਰ ਯਤਨਸ਼ੀਲ ਰਹਿਣਾ ਵੀ ਜ਼ਰੂਰੀ ਹੈ।

❑ ਅਭੈ ਕੁਮਾਰ ਜੈਨ

# ਕੌੜੀ ਨਿੰਮ ਦੀਆਂ ਮਿੱਠੀਆਂ ਗੱਲਾਂ



ਨਿੰਮ ਦਾ ਵਿਗਿਆਨਕ ਨਾਮ ਅਜਾਡਿਰਾਚਤਾ ਇੰਡਕਾ ਹੈ। ਇਹਨੂੰ ਸੰਸਕ੍ਰਿਤ ਵਿੱਚ ਨਿੰਬ ਕਹਿੰਦੇ ਹਨ। ਨਿੰਮ ਦਾ ਰੁੱਖ ਭਾਰਤ ਵਿੱਚ ਹਰ ਸਥਾਨ ਤੇ ਪਾਇਆ ਜਾਂਦਾ ਹੈ। ਇਹ ਰੁੱਖ ਸਦਾਬਹਾਰ, ਘਣੇ ਛਤਰ ਵਾਲਾ, ਸੁੰਦਰ ਅਤੇ ਛਾਂ-ਦਾਰ ਹੁੰਦਾ ਹੈ।

ਮਾਹਿਰਾਂ ਦੇ ਅਨੁਸਾਰ ਨਿੰਮ ਬਹੁਤ ਹੀ ਗੁਣਕਾਰੀ ਹੁੰਦਾ ਹੈ ਇਸ ਲਈ ਨਿੰਮ ਤੋਂ ਅਨੇਕਾਂ ਜੀਵਾਣੂਨਾਸ਼ਕ ਦਵਾਈਆਂ ਅਤੇ ਸਾਬਣ, ਸੁੰਦਰਤਾ ਦੇ ਸਮਾਨ, ਟੂਥਪੇਸਟ, ਡੇਟੋਲ ਅਤੇ ਪਾਊਡਰ ਆਦਿ ਬਣਾਏ ਜਾਂਦੇ ਹਨ।

ਆਯੁਰਵੈਦਿਕ, ਯੂਨਾਨੀ ਅਤੇ ਕੁਦਰਤੀ ਮੈਡੀਕਲ ਤਿੰਨਾਂ ਵਿਧੀਆਂ ਵਿੱਚ ਨਿੰਮ ਦਾ ਬਹੁਤ ਜ਼ਿਆਦਾ ਮਹੱਤਵ ਹੈ। ਇਹ ਖੇਤੀਬਾੜੀ ਫਸਲਾਂ ਦੇ ਹਾਨੀਕਾਰਕ ਕੀੜਿਆਂ, ਦੀਮਕ, ਮੱਛਰ, ਘੁਣ ਅਤੇ ਕਪੜੇ ਕੱਟਣ ਵਾਲੇ ਕੀੜਿਆਂ ਤੋਂ ਮੁਕਤੀ ਦਿਵਾਉਂਦਾ ਹੈ। ਆਯੁਰਵੈਦ ਮੈਡੀਕਲ ਪ੍ਰਣਾਲੀ ਦੇ ਅਨੁਸਾਰ ਨਿੰਮ ਸ਼ੀਤਲ ਅਤੇ ਗਰਮੀ ਨੂੰ ਨਸ਼ਟ ਕਰਨ ਵਾਲਾ ਹੁੰਦਾ ਹੈ। ਇਸ ਨਾਲ ਚਮੜੀ ਰੋਗ ਨਸ਼ਟ ਹੋ ਜਾਂਦੇ ਹਨ। ਨਿੰਮ ਦੇ ਰੁੱਖ ਦਾ ਹਰੇਕ ਹਿੱਸਾ ਜਿਵੇਂ ਪੱਤੇ, ਕਰੂੰਬਲਾਂ, ਫੁੱਲ, ਕੱਚੇ-ਪੱਕੇ ਫਲ, ਬੀਜ, ਗਿਰੀ, ਸੱਕ, ਗੋਂਦ, ਜੜ੍ਹ, ਰਸ ਅਤੇ ਲੱਕੜੀ ਆਦਿ ਗੁਣਾਂ ਨਾਲ ਭਰਪੂਰ ਹੈ। ਲਖਨਊ ਦੇ ਰਾਸ਼ਟਰੀ ਬਾਗ ਇੰਸੀਟੀਚਿਊਟ ਨੇ ਇਹ ਸਿੱਧ ਕੀਤਾ ਹੈ ਕਿ ਨਿੰਮ ਦੇ ਪੌਦੇ ਹਵਾਮੰਡਲ ਵਿਚੋਂ ਕਾਰਖਾਨਿਆਂ ਦੁਆਰਾ ਸੁੱਟੀ ਗਈ ਹਾਨੀਕਾਰਕ ਮਿੱਟੀ ਨੂੰ ਸੋਖ ਕੇ ਅਤੇ ਹਾਨੀਕਾਰਕ ਜੀਵਾਣੂਆਂ ਦਾ ਨਾਸ਼ ਕਰਕੇ ਹਵਾ ਪ੍ਰਦੂਸ਼ਣ ਦੀ ਸਮੱਸਿਆ ਨੂੰ ਹਲ ਕਰਕੇ ਸਾਡੇ ਵਾਤਾਵਰਣ ਨੂੰ ਸ਼ੁਧ ਬਣਾਉਂਦੇ ਹਨ।

ਰਿਗ ਵੇਦ ਵਿੱਚ ਕੀਟਨਾਸ਼ਕ ਰੁੱਖਾਂ ਦੀ ਕੁਲ ਗਿਣਤੀ 1600 ਦੱਸੀ ਗਈ ਹੈ ਜਿਸ ਵਿੱਚ ਨਿੰਮ ਨੂੰ ਬਹੁਤ ਜ਼ਿਆਦਾ ਮਹੱਤਵਸ਼ਾਲੀ ਮੰਨਿਆ ਹੈ। ਜਿਸ ਦਾ ਤਿੱਖਾਪਨ ਕੀੜੇ-ਮਕੌੜਿਆਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਆਯੁਰਵੇਦ ਦੇ ਪਿਤਾਮਹ ਚਰਕ ਨੇ ਨਿੰਮ ਨੂੰ ਖੁਜਲੀ ਨਾਸ਼ਕ ਦੱਸਿਆ ਹੈ। ਸੁਰਿਤ ਨੇ ਇਸ ਰੁੱਖ ਨੂੰ ਕਫ, ਸੋਜ ਅਤੇ ਜਲਨ ਨੂੰ ਸ਼ਾਂਤ ਕਰਨ ਵਾਲਾ ਕਿਹਾ ਹੈ। ਨਿੰਮ ਦੇ ਗੁਣ ਨੂੰ ਕਈ ਪ੍ਰਕਾਰ ਨਾਲ ਵਰਨਣ ਕੀਤਾ ਗਿਆ ਹੈ।

ਕੀਟਨਾਸ਼ਕਾਰੀ ਗੁਣਾਂ ਨਾਲ ਭਰਪੂਰ ਹੋਣ ਦੇ ਕਾਰਣ ਖੇਤੀਬਾੜੀ ਦੇ ਖੇਤਰ ਵਿੱਚ ਵੀ ਨਿੰਮ ਦੇ ਉਪਯੋਗ ਸੰਬੰਧੀ ਕਈ ਮਹੱਤਵਪੂਰਣ ਖੋਜਾਂ ਹੋਈਆਂ ਹਨ। ਨਿਰੀਖਣ ਨਾਲ ਇਹ ਸਿੱਧ ਹੋ ਚੁੱਕਾ ਹੈ ਕਿ ਅਨਾਜ ਭੰਡਾਰ ਵਿੱਚ ਨਿੰਮ ਦੀਆਂ ਪੱਤੀਆਂ ਮਿਲਾ ਦੇਣ ਨਾਲ ਉਹ ਕਈ ਪ੍ਰਕਾਰ ਦੇ ਕੀੜੇ-ਮਕੌੜਿਆਂ ਤੋਂ ਸੁਰੱਖਿਅਤ ਰਹਿ ਸਕਦਾ ਹੈ। ਇਹ ਵੀ ਵੇਖਿਆ ਹੈ ਕਿ ਅਗਰ ਨਿੰਮੋਲੀਆਂ ਨੂੰ ਪੀਸ ਕੇ ਉਹਨਾਂ ਨੂੰ ਪਾਣੀ ਵਿੱਚ ਮਿਲਾ ਕੇ ਫਸਲ ਤੇ ਛਿੜਕ ਦਿੱਤਾ ਜਾਏ ਤਾਂ ਖੇਤੀਬਾੜੀ ਦੇ ਕਈ ਹਾਨੀਕਾਰਕ ਕੀੜੇ ਫਸਲ ਨੂੰ ਹਾਨੀ ਨਹੀਂ ਪਹੁੰਚਾ ਸਕਦੇ।

ਨਿੰਮ ਵਿੱਚ ਅਸਾਧਾਰਣ ਰੂਪ ਨਾਲ ਕੀਟਾਣੂਨਾਸ਼ਕ ਸ਼ਕਤੀ ਹੈ। ਨਿੰਮ ਦੀ ਦਾਤੁਨ ਨਾਲ ਦੰਦ ਸਾਫ਼, ਚਮਕਦਾਰ ਅਤੇ ਮਜ਼ਬੂਤ ਰਹਿੰਦੇ ਹਨ।

ਨਿੰਮ ਦੀਆਂ ਪੱਤੀਆਂ ਨੂੰ ਪਾਣੀ ਗਰਮ ਕਰਦੇ ਸਮੇਂ ਪਾਣ ਵਿੱਚ ਪਾ ਦਿਉ ਅਤੇ ਇਸ ਪਾਣੀ ਨਾਲ ਇਸ਼ਨਾਨ ਕਰਨ ਤੇ ਚਰਮ ਰੋਗ ਦੂਰ ਹੋ ਜਾਂਦੇ ਹਨ। ਨਿੰਮ ਵਿੱਚ ਜਦ ਨਵੀਆਂ ਪੱਤੀਆਂ ਆਉਂਦੀਆਂ ਹਨ ਤਾਂ ਉਸ ਸਮੇਂ ਤਿੰਨ ਦਿਨਾਂ ਤਕ ਨਿਯਮਿਤ 5-7 ਪੱਤੀਆਂ ਨਿੰਮ ਦੀਆਂ ਪੀਹ ਕੇ ਪੀ ਲਉ।

ਇਸ ਨਾਲ ਖ਼ੂਨ ਸਾਫ਼ ਰਹੇਗਾ ਅਤੇ ਸਿਹਤ ਵੀ ਚੰਗੀ ਰਹੇਗੀ। ਨਿੰਮ ਸ਼ੂਗਰ ਰੋਗੀਆਂ ਲਈ ਵੀ ਲਾਭਦਾਇਕ ਹੈ।

ਨਿੰਮ ਦੇ ਬੀਜ ਤੋਂ ਮਾਰਗੋਸਾ ਤੇਲ ਕੱਢਿਆ ਜਾਂਦਾ ਹੈ ਜੋ ਕੋਹੜ ਅਤੇ ਚਰਮ ਰੋਗਾਂ ਨੂੰ ਦੂਰ ਕਰਨ ਲਈ ਕੰਮ ਵਿੱਚ ਲਿਆ ਜਾ ਸਕਦਾ ਹੈ। ਇਸ ਦੇ ਤੇਲ ਦੀ ਮਾਲਿਸ਼ ਕਰਨ ਨਾਲ ਗਠੀਆ ਦੇ ਰੋਗੀਆਂ ਨੂੰ ਵੀ ਲਾਭ ਮਿਲਦਾ ਹੈ।

ਇਸ ਦੀਆਂ ਸੁੱਕੀਆਂ ਹੋਈਆਂ ਪੱਤੀਆਂ ਨੂੰ ਸਾੜਨ ਨਾਲ ਮੱਛਰ ਭੱਜ ਜਾਂਦੇ ਹਨ। ਊਨੀ ਕੱਪੜੇ ਰੱਖਦੇ ਸਮੇਂ ਅਤੇ ਅਨਾਜ ਭੰਡਾਰ ਕਰਦੇ ਸਮੇਂ ਨਿੰਮ ਦੀਆਂ ਪੱਤੀਆਂ ਰੱਖਣ ਨਾਲ ਉਸ ਵਿੱਚ ਕੀੜੇ ਨਹੀਂ ਲੱਗਦੇ।

ਨਿੰਮ ਦਾ ਰੁੱਖ ਬਾਕੀ ਰੁੱਖਾਂ ਦੀ ਬਜਾਏ ਜ਼ਿਆਦਾ ਆਕਸੀਜਨ ਦਿੰਦਾ ਹੈ। ਇਸੇ ਵਜ੍ਹਾ ਨਾਲ ਜੋ ਪ੍ਰਾਚੀਨ ਸਮੇਂ ਵਿੱਚ ਘਰ ਦੇ ਵਿਹੜੇ ਵਿੱਚ ਨਿੰਮ ਦਾ ਰੁੱਖ ਲਗਾਉਣ ਦੀ ਪਰੰਪਰਾ ਰਹੀ ਹੈ। ਕਿਹਾ ਜਾਂਦਾ ਹੈ ਕਿ ਅਗਰ ਕੋਹੜ ਰੋਗੀ ਨਿਯਮਿਤ ਨਿੰਮ ਦੀ ਛਾਂ ਵਿੱਚ ਨਿੰਮ ਦੇ ਤੇਲ ਦੀ ਮਾਲਿਸ਼ ਕਰੇ। ਨਿੰਮ ਦੀਆਂ ਪੱਤੀਆਂ ਨੂੰ ਪਾਣੀ ਵਿੱਚ ਉਬਾਲ ਕੇ ਇਸ਼ਨਾਨ ਕਰੇ ਤਾਂ ਬਹੁਤ ਲਾਭ ਮਿਲਦਾ ਹੈ।

### ਦਵਾਈ ਦੇ ਉਪਯੋਗ :-

*ਸੜ ਜਾਣ ਤੇ :-* ਅਗਰ ਆਪ ਖਾਣਾ ਬਣਾਉਂਦੇ ਵਕਤ ਜਾਂ ਕਿਸੇ ਦੂਸਰੇ ਕਾਰਣ ਨਾਲ ਆਪਣਾ ਹੱਥ ਸਾੜ ਬੈਠਦੇ ਹੋ ਤਾਂ ਤੁਰੰਤ ਉਸ ਜਗ੍ਹਾ ਤੇ ਨਿੰਮ ਦੀਆਂ ਪੱਤੀਆਂ ਨੂੰ ਪੀਸ ਕੇ ਲਗਾ ਲਉ। ਇਸ ਵਿੱਚ ਮੌਜੂਦ ਐਂਟੀਸੈਪਟਿਕ ਗੁਣ ਜਖਮ ਨੂੰ ਜ਼ਿਆਦਾ ਵਧਣ ਨਹੀਂ ਦਿੰਦਾ ਹੈ।

*ਕੰਨ ਦਰਦ :-* ਅਗਰ ਆਪ ਦੇ ਕੰਨ ਵਹਿਣ ਵਿੱਚ ਦਰਦ ਰਹਿੰਦਾ ਹੈ ਤਾਂ ਨਿੰਮ ਦਾ ਤੇਲ ਇਸਤੇਮਾਲ ਕਰਨਾ ਕਾਫੀ ਫਾਇਦੇਮੰਦ ਰਹੇਗਾ। ਕਈ ਲੋਕਾਂ ਨੂੰ ਕੰਨ ਵਹਿਣ ਦੀ ਬੀਮਾਰੀ ਹੁੰਦੀ ਹੈ। ਅਜਿਹੇ ਲੋਕਾਂ ਲਈ ਨਿੰਮ ਦਾ ਤੇਲ ਇਕ ਉਤਮ ਉਪਾਅ ਹੈ।

*ਦੰਦਾਂ ਲਈ :-* ਦੰਦਾਂ ਅਤੇ ਮਸੂੜਿਆਂ ਦੀ ਦੇਖਭਾਲ ਲਈ ਮਹਿੰਗੇ ਟੂਥਪੇਸਟ ਇਸਤੇਮਾਲ ਕਰਨ ਦੀ ਬਜਾਏ ਨਿੰਮ ਦੀ ਦਾਤਣ ਆਪਣੇ ਆਪ ਵਿੱਚ ਪੂਰਣ ਹੈ। ਨਿੰਮ ਦੀ ਦਾਤਣ ਪਾਇਰੀਆ ਦੀ ਰੋਕਥਾਮ ਵਿੱਚ ਵੀ ਉਤਮ ਹੁੰਦੀ ਹੈ।

*ਵਾਲਾਂ ਲਈ ਵੀ ਫਾਇਦੇਮੰਦ :-* ਨਿੰਮ ਇਕ ਬਹੁਤ ਵਧੀਆ ਕੰਡੀਸ਼ਨਰ ਹੈ। ਇਸ ਦੀਆਂ ਪੱਤੀਆਂ ਨੂੰ ਪਾਣੀ ਵਿੱਚ ਉਬਾਲ ਕੇ ਉਸ ਦੇ ਪਾਣੀ ਨਾਲ ਵਾਲ ਧੋਣ ਨਾਲ ਰੂਸੀ (ਸਿਕਰੀ) ਅਤੇ ਫੰਗਸ ਵਰਗੀ ਸਮੱਸਿਆ ਦੂਰ ਹੋ ਜਾਂਦੀ ਹੈ।

*ਫੋੜੇ-ਫਿੰਨਸੀਆਂ ਤੇ ਲਗਾਉਣ ਲਈ :-* ਕਈ ਵਾਰ ਅਜਿਹਾ ਹੁੰਦਾ ਹੈ ਕਿ ਖ਼ੂਨ ਸਾਫ਼ ਨਾ ਹੋਣ ਦੀ ਵਜ੍ਹਾ ਨਾਲ ਸਮੇਂ-ਸਮੇਂ ਤੇ ਫੋੜੇ ਹੋ ਜਾਂਦੇ ਹਨ। ਅਜਿਹੇ ਵਿੱਚ ਨਿੰਮ ਦੀਆਂ ਪੱਤੀਆਂ ਪੀਸ ਕੇ ਪ੍ਰਭਾਵਿਤ ਜਗ੍ਹਾ ਤੇ ਲਗਾਉਣ ਨਾਲ ਫਾਇਦਾ ਹੋਏਗਾ।



## ਖੇਤੀਬਾੜੀ ਵਿੱਚ ਨਿੰਮ ਦਾ ਉਪਯੋਗ :-

*ਨਿੰਮ ਦੀ ਕੀਟ ਨਿਯੰਤਰਣ ਸ਼ੈਲੀ ਅਨੋਖੀ ਹੈ ਜਿਸ ਦੇ ਕਾਰਣ ਵਿਸ਼ਵ ਦੀ ਸਭ ਤੋਂ ਵਧੀਆ ਕੀਟ ਨਿਯੰਤਰਣ ਦਵਾ ਮੰਨੀ ਜਾਂਦੀ ਹੈ।*

- *ਇਹ ਫਸਲ ਲਈ ਲਾਭਦਾਇਕ ਅਤੇ ਸੁਰੱਖਿਅਤ ਹੁੰਦਾ ਹੈ।*
- *ਇਹ ਸਸਤਾ, ਸੁਰੱਖਿਅਕ ਅਤੇ ਆਸਾਨੀ ਨਾਲ ਪ੍ਰਾਪਤ ਹੁੰਦਾ ਹੈ।*
- *ਨਿੰਮ ਦੀਆਂ ਪੱਤੀਆਂ ਦਾ ਸਤ, ਨਿੰਮ ਦੇ ਤੇਲ ਜਾਂ ਨਿੰਮੋਲੀ ਦੇ ਸਤ ਨੂੰ ਛਿੜਕਾਵ ਕਰਦੇ ਸਮੇਂ ਸਿਰਦਰਦ, ਬੇਹੋਸ਼ੀ ਆਦਿ ਕਿਸੇ ਪ੍ਰਕਾਰ ਦੀ ਸਰੀਰਕ ਕਠਿਨਾਈ ਨਹੀਂ ਹੁੰਦੀ ਹੈ ਬਲਕਿ ਫੁਰਤੀ ਅਤੇ ਤਾਜ਼ਗੀ ਮਹਿਸੂਸ ਹੁੰਦੀ ਹੈ।*
- *ਨਿੰਮ ਦੇ ਰਸਾਇਣ ਮਾਨਵ ਲਈ ਪੂਰੀ ਤਰ੍ਹਾਂ ਹਾਨੀਰਹਿਤ ਹਨ। ਇਹਨਾਂ ਨੂੰ ਫਲਾਂ ਅਤੇ ਸਬਜ਼ੀਆਂ ਤੇ ਭਰਪੂਰ ਪ੍ਰਯੋਗ ਕੀਤਾ ਜਾ ਸਕਦਾ ਹੈ। ਅਗਰ ਇਹ ਫਲ ਜਾਂ ਸਬਜ਼ੀ ਦੇ ਅੰਦਰ ਚਲਾ ਵੀ ਗਿਆ ਜਾਂ ਉਪਰ ਲਗਾ ਰਹਿ ਗਿਆ ਤਾਂ ਇਹ ਫਾਇਦਾ ਹੀ ਪਹੁੰਚਾਏਗਾ ਹਾਨੀ ਤਾਂ ਬਿਲਕੁਲ ਨਹੀਂ।*
- *ਨਿੰਮ ਭਾਰਤ ਵਿੱਚ ਹਰ ਥਾਂ ਮੌਜੂਦ ਹੈ ਅਤੇ ਬਿਨਾ ਕਿਸੇ ਵਿਸ਼ੇਸ਼ ਮਿਹਨਤ ਦੇ ਇਹਨੂੰ ਉਗਾਇਆ ਜਾ ਸਕਦਾ ਹੈ।*

*ਅੱਜ ਜਦ ਬਹੁਤ ਜ਼ਿਆਦਾ ਰੁੱਖ ਲਗਾਉਣਾ ਸਾਡਾ ਨੈਤਿਕ, ਧਾਰਮਿਕ ਅਤੇ ਰਾਸ਼ਟਰੀ ਫਰਜ਼ ਹੈ ਤਾਂ ਸਾਨੂੰ ਚਾਹੀਦਾ ਹੈ ਕਿ ਇਸ ਪ੍ਰਕਾਰ ਦੇ ਗੁਣਾਂ ਨਾਲ ਭਰਪੂਰ ਰੁੱਖ ਲਗਾਏ ਜਾਣ ਤਾਂਕਿ ਉਸ ਦੇ ਗੁਣਾਂ ਦਾ ਬਹੁਤ ਜ਼ਿਆਦਾ ਪ੍ਰਯੋਗ ਕਰ ਸਕੀਏ। ਖੇਤਾਂ ਦੀਆਂ ਵੱਟਾਂ ਤੇ ਵੀ ਨਿੰਮ ਦੇ ਰੁੱਖ ਲਗਾਉਣ ਨਾਲ ਕੀਟਾਂ ਦਾ ਪ੍ਰਕੋਪ ਫਸਲ ਤੇ ਇਕਦਮ ਨਹੀਂ ਹੋ ਸਕਦਾ ਹੈ। ਸਿਾਨੂੰ ਸਾਡੇ ਜਨਮਦਿਨ, ਸ਼ਾਦੀ ਦੀ ਵਰ੍ਹੇਗੰਢ, ਬਜ਼ੁਰਗਾਂ ਦੀ ਮੌਤ ਦੀ ਵਰ੍ਹੇਗੰਢ ਤੇ ਨਿੰਮ ਦੇ ਰੁੱਖ ਲਗਾਉਣੇ ਚਾਹੀਦੇ ਹਨ।*

# ਹਾਸਾ ਖੇਡਾ

ਥਾਣੇਦਾਰ : (ਚੋਰ ਨੂੰ) ਤੂੰ ਚੋਰੀ ਕਿਉਂ ਕੀਤੀ?
ਚੋਰ : ਕਿਉਂ ਨਾ ਕਰਦਾ ਸਰ!
ਥਾਣੇਦਾਰ : ਇਸਦਾ ਕੀ ਮਤਲਬ ਹੈ?
ਚੋਰ : ਸਰ ਦਰਵਾਜ਼ੇ ਦੇ ਬਾਹਰ ਲਿਖਿਆ ਸੀ- 'ਸ਼ੁਭ ਸੁਆਗਤ'।

..........

ਇਕ ਨੇਤਾ : (ਆਪਣੇ ਸਾਥੀਆਂ ਨੂੰ) ਸਾਨੂੰ ਕਦੇ ਵੀ ਪਿੱਛੇ ਨਹੀਂ ਹੱਟਣਾ ਚਾਹੀਦਾ।
(ਦੂਸਰੇ ਦਿਨ)
ਨੇਤਾ : (ਆਪਣੇ ਇਕ ਸਾਥੀ ਨੂੰ) ਕਿਉਂ ਚਿਪਕ ਕੇ ਖੜੇ ਹੋ, ਜਰਾ ਪਿੱਛੇ ਹਟੋ।
ਸਾਥੀ : ਨਹੀਂ ਹਟਾਂਗਾ।
ਨੇਤਾ : ਕਿਉਂ ਨਹੀਂ ਹੱਟੋਗੇ?
ਸਾਥੀ : ਆਪ ਹੀ ਨੇ ਤਾਂ ਕਿਹਾ ਸੀ ਕਦੇ ਵੀ ਪਿੱਛੇ ਨਾ ਹਟੋ।

..........



ਚੂਹਾ : (ਬਿੱਲੀ ਨੂੰ) ਬਿੱਲੀ ਮਾਸੀ! ਅੱਜ ਤੁਹਾਡੀ ਮੇਰੇ ਘਰ ਦਾਵਤ ਹੈ।
ਬਿੱਲੀ ਮਾਸੀ : ਜ਼ਰੂਰ-ਜ਼ਰੂਰ ਆਉਂਗੀ ਤੂੰ ਬੁਲਾਇਆ ਜੋ ਹੈ।
ਬਿੱਲੀ ਮਾਸੀ ਸ਼ਾਮ ਨੂੰ ਆਈ ਅਤੇ ਚੂਹੇ ਨੂੰ ਬੋਲੀ ਮਿਆਉਂ-ਮਿਆਉਂ।
ਇਹ ਸੁਣ ਕੇ ਚੂਹਾ ਬੋਲਿਆ –
ਰੁਕੋ-ਰੁਕੋ ਜਰਾ ਮੈਂ ਲੁਕ ਜਾਵਾਂ।

– ਸੁਭਾਸ਼

ਭਿਖਾਰੀ : ਭਗਵਾਨ ਲਈ ਅੰਨ੍ਹੇ ਭਿਖਾਰੀ ਨੂੰ ਕੁਝ ਦੇ ਦਿਉ ਬਾਬਾ।
ਰਾਹਗੀਰ : ਭੀਖ ਤਾਂ ਦੇ ਦੇਵਾਂ ਪਰ ਕਿਵੇਂ ਮੰਨਾਂ ਕਿ ਤੂੰ ਅੰਨ੍ਹਾ ਹੈਂ?



ਭਿਖਾਰੀ : ਸਾਹਬ ਕੀ ਸਾਹਮਣੇ ਵਾਲੇ ਲਾਲ ਮਕਾਨ ਦੀ ਛੱਤ ਤੇ ਬੈਠਾ ਸਫੈਦ ਕਬੂਤਰ ਤੁਹਾਨੂੰ ਦਿਸ ਰਿਹਾ ਹੈ?
ਭਿਖਾਰੀ : ਲੇਕਿਨ ਉਹ ਕਬੂਤਰ ਮੈਨੂੰ ਦਿਖਾਈ ਨਹੀਂ ਦੇ ਰਿਹਾ ਹੈ।

..........

ਇਕ ਵਿਅਕਤੀ : ਡਾਕਟਰ ਸਾਹਿਬ ਮੇਰੀ ਪਤਨੀ ਨੂੰ ਨਹੁੰ ਚਬਾਉਣ ਦੀ ਬੁਰੀ ਆਦਤ ਹੈ ਕੀ ਕਰਾਂ?
ਡਾਕਟਰ : ਇਸ ਵਿੱਚ ਚਿੰਤਾ ਦੀ ਗੱਲ ਕੀ ਹੈ? ਆਪਣੀ ਪਤਨੀ ਨੂੰ ਦੰਦਾਂ ਵਾਲੇ ਡਾਕਟਰ ਕੋਲ ਲੈ ਜਾਓ ਅਤੇ ਸਾਰੇ ਦੰਦ ਉਖੜਵਾ ਦਿਉ।

..........

ਇਕ ਵਿਅਕਤੀ ਹੋਟਲ ਵਿੱਚ ਭੋਜਨ ਕਰਨ ਪਹੁੰਚਾ।
ਵੇਟਰ : ਸਾਹਬ! ਸਾਡੇ ਇਥੇ ਤੁਹਾਨੂੰ ਬਿਲਕੁਲ ਘਰ ਵਰਗਾ ਹੀ ਭੋਜਨ ਮਿਲੇਗਾ।
ਵਿਅਕਤੀ : ਤਾਂ ਫਿਰ ਮੈਂ ਘਰ ਜਾ ਕੇ ਹੀ ਭੋਜਨ ਕਰ ਲਵਾਂਗਾ।

– ਪ੍ਰਤੀਕਸ਼ਾ ਕੁਸ਼ਵਾਹਾ

ਕਿਰਾਏਦਾਰ : ਕੀ ਛੱਤ ਤੋਂ ਹਮੇਸ਼ਾਂ ਪਾਣੀ ਟਪਕਦਾ ਹੈ?
ਮਕਾਨ ਮਾਲਿਕ : ਨਹੀਂ ਜਨਾਬ, ਸਿਰਫ ਵਰਖਾ ਦੇ ਦਿਨਾਂ ਵਿੱਚ ਹੀ ਟਪਕਦਾ ਹੈ।



..........

ਡਾਕਟਰ : ਪਿਛਲੀ ਵਾਰ ਯਾਦਦਾਸ਼ਤ ਵਧਾਉਣ ਲਈ ਜੋ ਦਵਾ ਲੈ ਗਏ ਸੀ। ਉਸ ਨਾਲ ਕੋਈ ਫਰਕ ਪਿਆ?
ਮਰੀਜ : ਹੁਣ ਤਕ ਕੁਝ ਫਰਕ ਨਹੀਂ ਪਿਆ, ਰੋਜ਼ ਦਵਾ ਲੈਣਾ ਹੀ ਭੁੱਲ ਜਾਂਦਾ ਹਾਂ।

..........

ਅਧਿਆਪਕ : (ਵਿਦਿਆਰਥੀਆਂ ਨੂੰ) ਪਲਾਸੀ ਦਾ ਯੁੱਧ ਕਿੰਨਾਂ ਦੇ ਵਿੱਚ ਹੋਇਆ ਸੀ?
(ਇਕ ਵਿਦਿਆਰਥੀ ਤੇਜ਼ੀ ਨਾਲ ਖੜਾ ਹੋਇਆ।
ਅਧਿਆਪਕ : ਹਾਂ ਦੱਸੋ?
ਵਿਦਿਆਰਥੀ : ਸਰ, ਮੇਰੇ ਵਿੱਚ ਨਹੀਂ ਹੋਇਆ ਸੀ।

..........

ਅਧਿਆਪਕ : (ਰਾਮੂ ਨੂੰ) ਭਾਈਚਾਰਾ ਸ਼ਬਦ ਨੂੰ ਵਾਕ ਵਿੱਚ ਇਸਤੇਮਾਲ ਕਰੋ।
ਰਾਮੂ : ਜਦ ਮੈਂ ਦੁੱਧ ਵਾਲੇ ਤੋਂ ਪੁੱਛਿਆ ਕਿ ਦੁੱਧ ਐਨਾ ਮਹਿੰਗਾ ਕਿਉਂ ਵੇਚਦੇ ਹੋ ਤਾਂ ਉਹ ਬੋਲਿਆ – ਭਾਈ ਚਾਰਾ ਜੋ ਮਹਿੰਗਾ ਹੋ ਗਿਆ ਹੈ।

..........

ਇਕ ਦੋਸਤ ਦੂਸਰੇ ਨੂੰ –
ਤੂੰ ਬਹੁਤ ਵਧੀਆ ਸਵਿਮਿੰਗ ਕਰ ਲੈਂਦੇ ਹੋ ਕਿਥੋਂ ਸਿੱਖੀ?
ਦੂਸਰਾ ਦੋਸਤ – ਪਾਣੀ ਵਿੱਚ।

– ਨਰੇਸ਼ ਕੁਮਾਰ

ਇਕ ਪ੍ਰੋਫੈਸਰ ਕੁਝ ਸੋਚਦੇ ਜਾ ਰਿਹਾ ਸੀ। ਤਦੇ ਇਕ ਗੂੰਗਾ ਭਿਖਾਰੀ ਕੋਲ ਆ ਕੇ ਖੜਾ ਹੋਇਆ। ਪ੍ਰੋਫੈਸਰ ਦਿਆਲੂ ਸੀ। ਇਕ ਰੁਪਏ ਦਾ ਨੋਟ ਉਸ ਨੂੰ ਫੜਾਉਂਦੇ ਹੋਏ ਕਿਹਾ –
ਕਦ ਤੋਂ ਗੂੰਗੇ ਹੋ ਭਾਈ?
ਭਿਖਾਰੀ : ਜਨਮ ਤੋਂ ਹੀ ਹਾਂ ਸਾਹਿਬ

..........

ਦੋ ਪਾਗਲ ਵਿਅਕਤੀ ਗੱਲਾਂ ਕਰ ਰਹੇ ਸਨ।
ਪਹਿਲਾ : ਵੇਖੋ ਮੈਨੂੰ ਆਸਮਾਨ ਵਿੱਚ ਦੋ ਤਾਰੇ ਦਿਸ ਰਹੇ ਹਨ।
ਦੂਸਰਾ : ਬਾਕੀ ਦੇ ਤਾਰੇ ਕਿਥੇ ਗਏ?
ਪਹਿਲਾ : ਹੁਣ ਰਾਤ ਹੋ ਗਈ ਹੈ ਨਾ ਇਸ ਲਈ ਰਾਤ ਨੂੰ ਖਾਣਾ ਖਾਣ ਗਏ ਹਨ।

..........

ਇਕ ਆਦਮੀ ਨੂੰ ਰਾਹ ਵਿੱਚ ਇਕ ਬੱਚਾ ਮਿਲਿਆ ਤਾਂ ਉਸ ਨੂੰ ਆਪਣਾ ਸਮਝ ਕੇ ਬੱਚੇ ਦੇ ਵਾਲ ਬਣਵਾਉਂਦਾ ਹੈ।, ਨਵੇਂ ਕਪੜੇ ਦਿਵਾਉਂਦਾ ਹੈ ਫਿਰ ਉਹ ਆਪਣੇ ਘਰ ਲੈ ਆਉਂਦਾ ਹੈ।



ਆਦਮੀ : (ਪਤਨੀ ਨੂੰ) ਵੇਖ ਤੂੰ ਕਹਿੰਦੀ ਸੀ ਕਿ ਤੁਸੀ ਬੱਚੇ ਦਾ ਧਿਆਨ ਨਹੀਂ ਰੱਖਦੇ? ਮੈਂ ਇਸਦੇ ਵਾਲ ਬਣਵਾਏ ਅਤੇ ਨਵੇਂ ਕਪੜੇ ਦਿਲਵਾਏ।
ਪਤਨੀ : ਇਹ ਆਪਣਾ ਬੱਚਾ ਨਹੀਂ ਗੁਆਂਢੀਆਂ ਦਾ ਪੱਪੂ ਹੈ।

– ਸਰਿਤਾ ਚੌਧਰੀ

# ਹਰ ਹਾਲ ਵਿੱਚ ਮੈਂ ਖੁਸ਼ ਹਾਂ

- ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ
(ਸਾਲਾਨਾ ਸਮਾਗਮ 2015 ਗੁਰੂ ਵੰਦਨਾ ਵਾਲੇ ਦਿਨ)



ਜ਼ਿੰਦਗੀ ਬੜੀ ਥੋੜੀ ਹੈ,
ਹਰ ਹਾਲ ਵਿੱਚ ਮੈਂ ਖੁਸ਼ ਹਾਂ।
ਆਰਾਮ ਕਰਦਿਆਂ ਖੁਸ਼ ਹਾਂ,
ਕੰਮ ਕਰਦਿਆਂ ਵੀ ਮੈਂ ਖੁਸ਼ ਹਾਂ

ਜੇ ਦੋਸਤ ਨਹੀਂ ਤਾਂ
ਇਕੱਲਾ ਹੀ ਮੈਂ ਖੁਸ਼ ਹਾਂ।
ਕੋਈ ਨਰਾਜ਼ ਹੈ ਤਾਂ
ਉਸ ਦੀ ਅਦਾ ਵਿੱਚ ਮੈਂ ਖੁਸ਼ ਹਾਂ।

ਜੋ ਕੱਲ ਬੀਤ ਗਿਆ ਤਾਂ
ਉਸ ਦੀ ਮਿੱਠੀ ਯਾਦ ਵਿੱਚ ਮੈਂ ਖੁਸ਼ ਹਾਂ।
ਜੋ ਕੱਲ ਅਜੇ ਆਇਆ ਨਹੀਂ ਤਾਂ,
ਉਸ ਦੀ ਇੰਤਜ਼ਾਰ ਵਿੱਚ ਮੈਂ ਖੁਸ਼ ਹਾਂ।

ਜੇ ਪਨੀਰ ਨਹੀਂ ਮਿਲਿਆ ਤਾਂ
ਦਾਲ ਵਿੱਚ ਹੀ ਮੈਂ ਖੁਸ਼ ਹਾਂ।
ਜੇ ਗੱਡੀ ਨਹੀਂ ਮਿਲੀ ਤਾਂ
ਪੈਦਲ ਹੀ ਮੈਂ ਖੁਸ਼ ਹਾਂ।

ਜੇ ਇਹ ਲਾਈਨਾਂ ਪਸੰਦ ਆਈਆਂ,
ਤਾਂ ਜਵਾਬ ਦੇ ਦੇਣਾ।
ਜੇ ਜਵਾਬ ਨਹੀਂ ਵੀ ਦੇਵੋਗੇ,
ਤਦ ਵੀ ਮੈਂ ਖੁਸ਼ ਹਾਂ।

ਧੰਨ ਨਿਰੰਕਾਰ ਜੀ

ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ?



(ਸਭ ਸਵਾਲਾਂ ਦੇ ਜੁਆਬ 'ਕਾ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ : ਰਿਸ਼ੀ ਵਿਸ਼ਵਾਮਿੱਤਰ ਦੀ ਤਪੱਸਿਆ ਭੰਗ ਕਰਨ ਵਾਲੀ ਅਪਸਰਾ ਦਾ ਕੀ ਨਾਂ ਸੀ?

ਪ੍ਰਸ਼ਨ : ਭਾਰਤ ਨੇ ਕਿਸ ਦੇਸ਼ ਦੀ ਕ੍ਰਿਕਟ ਟੀਮ ਨੂੰ ਫਾਈਨਲ ਵਿਚ ਹਰਾ ਕੇ ਵਿਸ਼ਵਕੱਪ 2011 ਜਿਤਿਆ ਸੀ।?

ਪ੍ਰਸ਼ਨ : ਨੀਲ ਨਦੀ ਕਿਸ ਮਹਾਦੀਪ ਵਿਚ ਵਗਦੀ ਹੈ?

ਪ੍ਰਸ਼ਨ : ਧ੍ਰਿਤਰਾਸ਼ਟਰ ਦੀ ਮਾਤਾ ਦਾ ਕੀ ਨਾਂ ਸੀ?

ਪ੍ਰਸ਼ਨ : 'ਪਰਲ ਹਾਰਬਰ' ਕਿਸ ਦੇਸ਼ ਦਾ ਨੌਸੈਨਿਕ ਅੱਡਾ ਹੈ?

ਪ੍ਰਸ਼ਨ : ਕਿਸ ਮਹਾਦੀਪ ਨੂੰ 'ਸ਼ਵੇਤ ਮਹਾਦੀਪ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ?

ਪ੍ਰਸ਼ਨ : ਮਾਰੀਚ ਦੀ ਮਾਤਾ ਜਿਸ ਦਾ ਕਤਲ ਭਗਵਾਨ ਸ੍ਰੀ ਰਾਮ ਨੇ ਕੀਤਾ ਸੀ, ਉਸ ਦਾ ਕੀ ਨਾਂ ਸੀ?

ਪ੍ਰਸ਼ਨ : ਭਗਵਾਨ ਸ੍ਰੀ ਕ੍ਰਿਸ਼ਨ ਨੇ ਸਮੁੰਦਰ ਦੇ ਨੇੜੇ ਕਿਸ ਨਗਰੀ ਦੀ ਸਥਾਪਨਾ ਕੀਤੀ ਸੀ?

ਪ੍ਰਸ਼ਨ : ਦੱਖਣੀ ਅਮਰੀਕਾ ਦੇ ਉੱਤਰ ਵਿਚ ਕਿਹੜਾ ਮਹਾਦੀਪ ਹੈ?

ਪ੍ਰਸ਼ਨ : ਬੰਗਲਾ ਦੇਸ਼ ਦੀ ਮੁਦਰਾ ਕਿਹੜੀ ਹੈ?

ਪ੍ਰਸ਼ਨ : ਜਾਂਬੀਆ ਦੇਸ਼ ਦੀ ਰਾਜਧਾਨੀ ਦਾ ਕੀ ਨਾਂ ਹੈ?

ਪ੍ਰਸ਼ਨ : ਹਿਰਣਾਕਸ਼ਯਪ ਦੀ ਭੈਣ ਦਾ ਕੀ ਨਾਂ ਸੀ?

ਪ੍ਰਸ਼ਨ : ਪੁਲਾੜ ਵਿਚ ਜਾਣ ਵਾਲੇ ਪਹਿਲੇ ਕੁੱਤੇ ਦਾ ਕੀ ਨਾਂ ਸੀ?

ਪ੍ਰਸ਼ਨ : ਚੰਨ ਤੇ ਸਭ ਤੋਂ ਪਹਿਲਾਂ ਪਹੁੰਚਣ ਵਾਲਾ ਵਿਅਕਤੀ ਨੀਲ ਆਰਮਸਟ੍ਰਾਂਗ ਕਿਸ ਦੇਸ਼ ਦਾ ਵਾਸੀ ਸੀ?

ਪ੍ਰਸ਼ਨ : ਪਰਸ਼ੁਰਾਮ ਦੀ ਮਾਤਾ ਦਾ ਕੀ ਨਾਂ ਸੀ?

ਪ੍ਰਸ਼ਨ : ਰਾਵਣ ਕਿੱਥੋਂ ਦਾ ਰਾਜਾ ਸੀ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ







ਐਨਾ ਕਹਿ ਕੇ ਕਿੱਟੀ ਉਥੋਂ ਜਾਣ ਲੱਗੀ ਤਾਂ ਉਸ ਦੇ ਤਿੰਨੋਂ ਦੋਸਤ ਹੈਰਾਨ ਹੋ ਕੇ ਵੇਖਣ ਲੱਗੇ।
ਭਾਈ, ਕਿੱਟੀ ਨੂੰ ਸਮਝਾਉ।
ਚਿੰਟੂ, ਕਿੱਟੀ ਕਿਥੇ ਹੈ
ਮੈਮ... ਕਿੱਟੀ ਅੱਜ ਸਕੂਲ ਨਹੀਂ ਆਈ, ਉਹ ਬਹੁਤ ਬੀਮਾਰ ਹੈ।


ਵਾਹ! ਇਥੇ ਕਿੰਨਾ ਮਜਾ ਆ ਰਿਹਾ ਹੈ। ਚੰਗਾ ਹੋਇਆ ਜੋ ਮੈਂ ਸਕੂਲੋਂ 'ਛੁੱਟੀ' ਮਾਰੀ, ਨਹੀਂ ਤਾਂ ਮੈਂ ਐਨੇ ਮਜੇ ਨਹੀਂ ਕਰ ਸਕਦੀ।
ਹੈਂ! ਇਹ ਤਾਂ ਕਿੱਟੀ ਲਗ ਰਹੀ ਹੈ, ਲੇਕਿਨ ਇਹ ਇਥੇ ਕਿਵੇਂ? ਮੈਨੂੰ ਪਾਰਕ ਦੇ ਅੰਦਰ ਜਾ ਕੇ ਵੇਖਣਾ ਪਏਗਾ।
ਹੈਂ! ਨਹੀਂ, ਇਹ ਤਾਂ ਮੰਮੀ ਹੈ, ਭੱਜੋ.......


ਹੈਂ! ਕਿਥੇ ਭੱਜ ਗਈ ਕਿੱਟੀ?
ਮੈਂ ਜਲਦੀ ਨਾਲ ਇਥੇ ਲੁਕ ਜਾਂਦੀ ਹਾਂ ਤਾਂਕਿ ਮੰਮੀ ਮੈਨੂੰ ਵੇਖ ਨਾ ਸਕੇ।
ਚਲ ਮੇਰੇ ਡਾਗੀ ਟਿਕ-ਟਿਕ-ਟਿਕ .....
ਨਹੀਂ, ਭੱਜੋ..... ਇਹ ਡਾਗੀ ਤਾਂ ਮੇਰੇ ਪਿਛੇ ਹੀ ਪੈ ਗਿਆ। ਬਚਾਓ, ਬਚਾਓ.......ਕੋਈ ਮੈਨੂੰ ਬਚਾਓ......
ਮੰਮੀ ....ਮੈਨੂੰ ਬਚਾਓ
ਕਿੱਟੀ ਤੂੰ ਇਥੇ ਕਿਵੇਂ? ਤੂੰ ਸਕੂਲ ਕਿਉਂ ਨਹੀਂ ਗਈ। ਚਲ ਹੁਣ ਘਰ ਤੇਰੇ ਪਾਪਾ ਨੂੰ ਮੈਂ ਤੇਰੀ ਸ਼ਿਕਾਇਤ ਕਰਦੀ ਹਾਂ।
ਮੰਮੀ....ਮੰਮੀ। ਮੈਨੂੰ ਮਾਫ਼ ਕਰ ਦਿਉ, ਮੈਂ ਫਿਰ ਕਦੇ ਅਜਿਹਾ ਨਹੀਂ ਕਰਾਂਗੀ। ਰੋਜ਼ ਸਕੂਲ ਜਾਊਂਗੀ।

ਕਹਾਣੀ : ਸਾਬਿਰ ਹੁਸੈਨ

# ਮਰ ਗਿਆ ਸੱਪ

ਵੀਨਾ ਬਗੀਚੇ ਵਿੱਚ ਘਾਹ ਤੇ ਬੈਠੀ ਪੱਤ੍ਰਕਾ ਪੜ੍ਹ ਰਹੀ ਸੀ। ਉਸ ਨੇ ਵੇਖਿਆ ਸਲੀਮ ਫਾਟਕ ਖੋਲ੍ਹ ਕੇ ਅੰਦਰ ਆ ਰਿਹਾ ਸੀ। ਉਸ ਨੇ ਆਉਂਦੇ ਹੋਏ ਸਲੀਮ ਨੂੰ ਵੇਖਿਆ ਅਤੇ ਦੂਸਰੇ ਪਾਸੇ ਵੇਖਣ ਲੱਗੀ। ਉਹ ਨਹੀਂ ਚਾਹੁੰਦੀ ਸੀ ਕਿ ਸਲੀਮ ਉਸ ਨੂੰ ਵੇਖ ਕੇ ਉਸ ਵੱਲ ਆਏ। ਸਲੀਮ ਉਸ ਦੇ ਗਵਾਂਢ ਵਿੱਚ ਹੀ ਰਹਿੰਦਾ ਸੀ। ਉਸ ਦੇ ਅੱਬੂ ਦੀ ਬਾਜ਼ਾਰ ਵਿੱਚ ਫਲਾਂ ਦੀ ਦੁਕਾਨ ਹੈ। ਸਲੀਮ ਉਸ ਦੇ ਘਰ ਆਉਂਦਾ-ਜਾਂਦਾ ਰਹਿੰਦਾ ਹੈ। ਇਕ-ਦੋ ਵਾਰ ਮੰਮੀ ਨੇ ਉਸ ਤੋਂ ਕੁਝ ਸਮਾਨ ਮੰਗਵਾਇਆ ਤਾਂ ਉਸ ਨੇ ਲਿਆ ਦਿਤਾ। ਮੰਮੀ ਨੇ ਉਸ ਨੂੰ ਕੁਝ ਖਾਣ ਲਈ ਦੇ ਦਿੱਤਾ। ਉਸ ਦੇ ਬਾਦ ਮੰਮੀ ਜਦ ਵੀ ਬੁਲਾਉਂਦੀ ਸਲੀਮ ਤੁਰੰਤ ਆ ਜਾਂਦਾ। ਸਲੀਮ ਉਹਨੂੰ ਦੀਦੀ ਕਹਿੰਦਾ ਹੈ ਲੇਕਿਨ ਉਹਨੂੰ ਪਸੰਦ ਨਹੀਂ। ਉਹਨੂੰ ਸਲੀਮ ਦਾ ਘਰ ਵਿੱਚ ਆਉਣਾ-ਜਾਣਾ ਵੀ ਚੰਗਾ ਨਹੀਂ ਲੱਗਦਾ। ਉਹਨੂੰ ਲੱਗਦਾ ਕਿ ਉਹ ਉਸ ਨੂੰ ਇਧਰ-ਉਧਰ ਦੇ ਪ੍ਰਸ਼ਨ ਪੁੱਛ ਕੇ ਪ੍ਰੇਸ਼ਾਨ ਕਰੇਗਾ ਅਤੇ ਉਸ ਦੀ ਪੜਾਈ ਡਿਸਟਰਬ ਹੋਏਗੀ। ਇਕ- ਦੋ ਵਾਰ ਉਹ ਉਸ ਦੇ ਕਮਰੇ ਵਿੱਚ ਕੋਈ ਪ੍ਰਸ਼ਨ ਸਮਝਣ ਵੀ ਆ ਗਿਆ ਤਾਂ ਉਸ ਨੇ ਝਿੜਕ ਕੇ ਉਹਨੂੰ ਭਜਾ ਦਿੱਤਾ। ਮੰਮੀ ਨੇ ਉਹਨੂੰ ਕਈ ਵਾਰ ਸਮਝਾਇਆ ਕਿ ਉਹ ਦੀਦੀ-ਦੀਦੀ ਕਹਿੰਦਾ ਹੈ ਅਤੇ ਤੂੰ ਉਹਨੂੰ ਡਾਂਟ ਦਿੰਦੀ ਹੋ।

– ਮੰਮੀ, ਅਜਿਹੇ ਲੜਕੇ ਮੌਕਾ ਪਾਉਂਦੇ ਹੀ ਮਾਲ ਉਡਾ ਕੇ ਲੈ ਜਾਂਦੇ ਹਨ। ਪਹਿਲੇ ਵਾਲੇ ਮਾਲੀ ਦਾ ਬੇਟਾ ਮੇਰੀ ਚੈਨ ਚੁਰਾ ਕੇ ਲੈ ਗਿਆ ਸੀ। – ਉਸ ਨੇ ਮੰਮੀ ਨੂੰ ਕਿਹਾ।

– ਸਾਰੇ ਇਕੋ ਜਿਹੇ ਨਹੀਂ ਹੁੰਦੇ। – ਮੰਮੀ ਨੇ ਕਿਹਾ।

ਵੀਨਾ ਮੰਮੀ ਦੀ ਗੱਲ ਸੁਣ ਕੇ ਚੁਪ ਹੋ ਗਈ ਲੇਕਿਨ ਉਹ ਹੁਣ ਕਿਸੇ ਤੇ ਵਿਸ਼ਵਾਸ਼ ਨਹੀਂ ਸੀ ਕਰਦੀ। ਵੀਨਾ ਦੇ ਪਾਪਾ ਵੱਡੇ ਅਧਿਕਾਰੀ ਹਨ। ਪਿਛਲੇ ਦਿਨੀਂ ਉਹਨਾਂ ਦੀ ਇਥੇ ਬਦਲੀ ਹੋਈ ਹੈ। ਉਸ ਦਾ ਵੱਡਾ ਭਰਾ ਯੂਨੀਵਰਸਿਟੀ ਵਿੱਚ ਪੜ ਰਿਹਾ ਹੈ। ਉਹ ਹੋਸਟਲ ਵਿੱਚ ਰਹਿੰਦਾ ਹੈ ਅਤੇ ਛੁੱਟੀਆਂ ਵਿੱਚ ਘਰ ਆਉਂਦਾ ਹੈ।

– ਦੀਦੀ, ਆਂਟੀ ਨੇ ਪਕੌੜੀ ਬਣਾਈ ਹੈ, ਲਉ ਗਰਮ-ਗਰਮ ਖਾਉ। – ਸਲੀਮ ਪਕੌੜੀਆਂ ਦੀ ਪਲੇਟ ਉਸ ਦੇ ਅਗੇ ਰੱਖਦਾ ਹੋਇਆ ਬੋਲਿਆ।

ਵੀਨਾ ਦੀ ਇੱਛਾ ਹੋਈ ਕਿ ਸਲੀਮ ਨੂੰ ਡਾਂਟ ਦੇਵੇ ਕਿ ਉਹ ਉਹਨੂੰ ਪੜ੍ਹਨ ਦੇਵੇ ਲੇਕਿਨ ਗਰਮ-ਗਰਮ ਪਕੌੜੀਆਂ ਦੀ ਖੁਸ਼ਬੂ ਨੇ ਉਹਨੂੰ ਮੂੰਹ ਬੰਦ ਰੱਖਣ ਲਈ ਮਜ਼ਬੂਰ ਕਰ ਦਿੱਤਾ।

ਸਲੀਮ ਵੀ ਪੜਦਾ ਹੈ ਅਤੇ ਛੁੱਟੀ ਹੁੰਦੇ ਹੀ ਘਰ ਆ ਜਾਂਦਾ ਹੈ। ਉਹਨੂੰ ਰੁੱਖ ਪੌਦੇ ਲਗਾਉਣਾ ਬਹੁਤ ਚੰਗਾ ਲੱਗਦਾ ਹੈ। ਬਗੀਚੇ ਦੇ ਕਿਨਾਰੇ ਲਗੇ ਤਮਾਮ ਫੁੱਲਾਂ ਦੇ ਪੌਕੇ ਸਲੀਮ ਨੇ ਹੀ ਲਿਆ ਕੇ ਲਗਾਏ ਹਨ। ਉਸ ਦੇ ਪਾਪਾ ਨੂੰ ਵੀ ਸਲੀਮ ਚੰਗਾ ਲੱਗਦਾ ਹੈ। ਜਦ ਉਹ ਫਲ ਅਤੇ ਮਿਠਾਈ ਲਿਆਉਂਦੇ ਹਨ ਤਾਂ ਸਲੀਮ ਨੂੰ ਜ਼ਰੂਰ ਦਿੰਦੇ ਹਨ। ਜਦ ਸਲੀਮ ਆਪਣੀ ਦੁਕਾਨ ਤੋਂ ਫਲ ਲਿਆਉਂਦਾ ਹੈ ਤਾਂ ਲੈ ਕੇ ਜ਼ਰੂਰ ਆਉਂਦਾ ਹੈ। ਸਲੀਮ ਫਲ ਵੀਨਾ ਦੀ ਮੰਮੀ ਨੂੰ ਦਿੰਦਾ ਹੈ। ਉਹ ਜਾਣਦਾ ਹੈ ਕਿ ਉਹ ਉਸ ਤੋਂ ਫਲ ਨਹੀਂ ਲਏਗੀ।





ਇਕ ਵਾਰ ਵੀਨਾ ਦੇ ਪਾਪਾ ਬਾਹਰ ਗਏ ਹੋਏ ਸਨ। ਤਦੇ ਉਸ ਦੀ ਮੰਮੀ ਦੀ ਤਬੀਅਤ ਖਰਾਬ ਹੋ ਗਈ ਸੀ। ਉਹਨਾਂ ਨੂੰ ਤੇਜ਼ ਬੁਖਾਰ ਆ ਗਿਆ ਸੀ। ਮੰਮੀ ਦੀ ਹਾਲਤ ਵੇਖ ਕੇ ਉਹ ਘਬਰਾ ਗਈ ਸੀ। ਫੋਨ ਵੀ ਖਰਾਬ ਸੀ। ਉਹ ਘਬਰਾਹਟ ਵਿੱਚ ਰੋਣ ਲੱਗੀ ਸੀ। ਤਦੇ ਸਲੀਮ ਆ ਗਿਆ ਸੀ। ਉਸ ਨੇ ਮੰਮੀ ਦੀ ਹਾਲਤ ਵੇਖੀ ਤਾਂ ਦੌੜ ਕੇ ਆਪਣੀ ਮੰਮੀ ਨੂੰ ਬੁਲਾ ਲਿਆਇਆ ਸੀ। ਉਹ ਉਸ ਦੀ ਮੰਮੀ ਦੇ ਮੱਥੇ ਤੇ ਪਾਣੀ ਦੀਆਂ ਪੱਟੀਆਂ ਰੱਖਣ ਲਗੀ ਸੀ। ਤਦੇ ਸਲੀਮ ਡਾਕਟਰ ਨੂੰ ਬੁਲਾ ਲਿਆਇਆ ਸੀ। ਰਾਤ ਨੂੰ ਵੀ ਸਲੀਮ ਅਤੇ ਉਸ ਦੀ ਮੰਮੀ ਘਰ ਵਿੱਚ ਰਹਿ ਕੇ ਉਸ ਦੀ ਮੰਮੀ ਦੀ ਦੇਖਭਾਲ ਕਰਦੇ ਰਹੇ ਸਨ। ਜਦ ਮੰਮੀ ਦੀ ਤਬੀਅਤ ਠੀਕ ਹੋ ਗਈ ਸੀ ਤਦੇ ਸਲੀਮ ਦੀ ਅੰਮੀ ਗਈ ਸੀ।

ਕੁਝ ਦਿਨ ਤਾਂ ਉਹ ਸਲੀਮ ਨਾਲ ਠੀਕ-ਠਾਕ ਬੋਲਦੀ ਰਹੀ ਲੇਕਿਨ ਫਿਰ ਉਹਨੂੰ ਸਲੀਮ ਦਾ ਘਰ ਆਉਣਾ ਬੁਰਾ ਲੱਗਣ ਲੱਗਾ ਸੀ।

ਵੀਨਾ ਬਗੀਚੇ ਵਿੱਚ ਪਕੌੜੀ ਖਾਂਦੇ ਹੋਏ ਕਿਤਾਬ ਪੜਨ ਵਿੱਚ ਮਗਨ ਸੀ। ਝਾੜੀ ਵਿੱਚੋਂ ਨਿਕਲ ਆਏ ਸੱਪ ਨੂੰ ਉਸ ਨੇ ਨਹੀਂ ਵੇਖਿਆ ਸੀ ਜੋ ਹੌਲੀ-ਹੌਲੀ ਉਸ ਵੱਲ ਵਧ ਰਿਹਾ ਸੀ। ਅੰਦਰ ਤੋਂ ਸਲੀਮ ਚਾਹ ਲੈ ਕੇ ਬਾਹਰ ਆਇਆ ਤਾਂ ਉਸ ਨੇ ਵੀਨਾ ਵੱਲ ਵਧਦੇ ਸੱਪ ਨੂੰ ਵੇਖ ਲਿਆ ਤਾਂ ਉਹ ਕੰਬ ਕੇ ਰਹਿ ਗਿਆ। ਸੱਪ ਵੀਨਾ ਦੇ ਕੋਲ ਪਹੁੰਚ ਚੁਕਾ ਸੀ। ਸਲੀਮ ਸਮਝ ਗਿਆ ਜਰਾ ਜਿਹੀ ਹਲਚਲ ਹੋਣ ਤੇ ਸੱਪ ਵੀਨਾ ਨੂੰ ਕੱਟ ਲਏਗਾ। ਉਹ ਤੇਜ਼ੀ ਨਾਲ ਅਗੇ ਵਧਿਆ ਅਤੇ ਗਰਮ ਚਾਹ ਸੱਪ ਤੇ ਪਾ ਦਿੱਤੀ। ਸੱਪ ਤੇਜ਼ੀ ਨਾਲ ਪਲਟਿਆ। ਕੁਝ ਗਰਮ ਚਾਹ ਵੀਨਾ ਤੇ ਪਈ ਤਾਂ ਉਹ ਕ੍ਰੋਧਿਤ ਹੋ ਕੇ ਘੁੰਮੀ। ਉਸ ਨੂੰ ਲੱਗਿਆ ਸਲੀਮ ਨੇ ਜਾਣਬੁਝ ਕੇ ਉਸ ਤੇ ਚਾਹ ਡੋਹਲੀ ਹੈ ਲੇਕਿਨ ਸੱਪ ਨੂੰ ਵੇਖ ਕੇ ਉਸ ਦੀ ਜਾਨ ਸੁਕ ਗਈ। ਸੱਪ ਤੇਜ਼ੀ ਨਾਲ ਸਲੀਮ ਵੱਲ ਵਧ ਰਿਹਾ ਸੀ।

– ਬਚਣਾ ਵੀਰ – ਵੀਨਾ ਚਿਲਾਈ ਅਤੇ ਕੋਲ ਪਈ ਲੱਕੜੀ ਉਠਾ ਕੇ ਸਲੀਮ ਵੱਲ ਜਾਂਦੇ ਸੱਪ ਨੂੰ ਮਾਰ ਦਿੱਤੀ। ਸੱਪ ਵੀਨਾ ਵੱਲ ਘੁੰਮ ਪਿਆ। ਸੱਪ ਨੂੰ ਆਪਣੇ ਵੱਲ ਵਧਦੇ ਵੇਖ ਵੀਨਾ ਡਰ ਦੇ ਮਾਰੇ ਉਥੇ ਖੜੀ ਰਹਿ ਗਈ। ਉਹ ਡਰ ਨਾਲ ਥਰ-ਥਰ ਕੰਬ ਰਹੀ ਸੀ।

ਸਲੀਮ ਫੁਰਤੀ ਨਾਲ ਪਿਛੇ ਭੱਜਿਆ ਅਤੇ ਇਕ ਪਾਸੇ ਰੱਖੇ ਫਾਵੜੇ ਨੂੰ ਉਠਾ ਲਿਆ ਅਤੇ ਅਗੇ ਵੱਧ ਕੇ ਸੱਪ ਨੂੰ ਮਾਰਿਆ। ਫਾਵੜੇ ਦੀ ਧਾਰ ਨਾਲ ਸੱਪ ਦੇ ਦੋ ਟੁਕੜੇ ਹੋ ਗਏ। ਸ਼ੋਰ ਸੁਣ ਕੇ ਵੀਨਾ ਦੀ ਮੰਮੀ ਵੀ ਬਾਹਰ ਆ ਗਈ। ਉਹਨਾਂ ਨੇ ਵੇਖਿਆ, ਸਲੀਮ ਸੱਪ ਨੂੰ ਫਾਵੜੇ ਨਾਲ ਮਾਰ ਰਿਹਾ ਸੀ। ਸੱਪ ਦੇ ਟੁਕੜੇ-ਟੁਕੜੇ ਹੋ ਗਏ।

– ਮੇਰੇ ਵੀਰ, ਅੱਜ ਤੂੰ ਮੈਨੂੰ ਬਚਾ ਲਿਆ। – ਕਹਿੰਦੇ ਹੋਏ ਵੀਨਾ ਸਲੀਮ ਦੇ ਗਲੇ ਲਗ ਗਈ।

ਮੰਮੀ ਨੇ ਆ ਕੇ ਦੋਹਾਂ ਨੂੰ ਗਲ ਨਾਲ ਲਾ ਲਿਆ।

ਸੱਪ ਹੀ ਨਹੀਂ, ਵੀਨਾ ਦੇ ਮਨ ਦਾ ਸੱਪ ਵੀ ਮਰ ਗਿਆ ਸੀ।

❑ ਅਮਨਪ੍ਰੀਤ ਸਿੰਘ

# ਫੁੱਲਾਂ ਉੱਤੇ ਸੈਰ ਹੈ ਕਰਦੀ

ਫੁੱਲਾਂ ਉੱਤੇ ਸੈਰ ਹੈ ਕਰਦੀ।
ਰਸ ਪੀ ਕੇ ਅਪਣਾ ਪੇਟ ਹੈ ਭਰਦੀ।
ਲਾਵੋ ਆਪਣਾ ਪੂਰਾ ਧਿਆਨ।
ਬੁੱਝੋਂ ਬੱਚਿਓ ਉਸਦਾ ਨਾਮ।

ਰੰਗ-ਬਰੰਗੀ ਸੋਹਣੀ ਲੱਗੇ।
ਹਰ ਕੋਈ ਉਸਨੂੰ ਫੜਨ ਨੂੰ ਭੱਜੇ।
ਉਸ ਬਿਨ ਨਹੀਂ ਬਾਗਾਂ ਦੀ ਸ਼ਾਨ।
ਬੁੱਝੋ ਬੱਚਿਓ ਉਸਦਾ ਨਾਮ।

ਨੱਚਦੀ ਟੱਪਦੀ ਖੁਸ਼ੀ ਮਨਾਉਂਦੀ।
ਬਾਗਾਂ ਦੇ ਵਿੱਚ ਧੁੰਮਾਂ ਪਾਉਂਦੀਂ।
ਹੋਰ ਨਹੀਂ ਹੈ ਉਸਦਾ ਕਾਮ।
ਬੁੱਝੋ ਬੱਚਿਓ ਉਸਦਾ ਨਾਮ।

ਉਸਦੇ ਛੋਟੇ-ਛੋਟੇ ਖੰਭ ਸੋਹਣੇ।
ਹਰ ਇੱਕ ਨੂੰ ਮਨਮੋਹਣੇ।
ਸ਼ਾਂਤੀ ਦੀ ਹੈ ਉਹ ਪਹਿਚਾਨ।
ਬੁੱਝੋ ਬੱਚਿਓ ਉਸਦਾ ਨਾਮ।

ਨਾ ਉਹ ਲੜਦੀ ਨਾ ਸ਼ੋਰ ਮਚਾਉਂਦੀ।
ਇੱਕ ਫੁੱਲ ਤੋਂ ਦੂਜੇ ਫੁੱਲ ਹੈ ਜਾਂਦੀ।
ਸਭ ਬੱਚਿਆਂ ਨੂੰ ਕਰੇ ਪਿਆਰ।
ਬੱਚਿਉ ਤਿੱਤਲੀ ਹੈ ਉਸਦਾ ਨਾਮ।



# ਕੀ ਤੁਸੀਂ ਜਾਣਦੇ ਹੋ

?



- ਵਿਸ਼ਵ ਪ੍ਰਿਥਵੀ ਦਿਵਸ 22 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ।
- ਦਰਿਆਈ ਘੋੜਾ ਇਕ ਅਜਿਹਾ ਜਾਨਵਰ ਹੈ ਜਿਸ ਵਿਚੋਂ ਗੁਲਾਬੀ ਪਸੀਨਾ ਨਿਕਲਦਾ ਹੈ।
- ਕੰਗਾਰੂ ਇਕ ਅਜਿਹਾ ਜਾਨਵਰ ਹੈ ਜੋ ਤੀਹ ਫੁੱਟ ਤਕ ਛਾਲ ਮਾਰ ਸਕਦਾ ਹੈ।
- ਸ਼ੁਤਰਮੁਰਗ ਇਕ ਅਜਿਹਾ ਪੰਛੀ ਹੈ ਜੋ ਕੰਕੜ-ਪੱਥਰ ਵੀ ਖਾ ਲੈਂਦਾ ਹੈ।
- ਅਜਗਰ ਇਕ ਅਜਿਹਾ ਸੱਪ ਹੈ ਜੋ ਇਕ ਕੁਵਿੰਟਲ ਤੋਂ ਵੀ ਜ਼ਿਆਦਾ ਭਾਰੀ ਹੁੰਦਾ ਹੈ।
- ਮੱਛਲੀ ਇਕ ਅਜਿਹਾ ਜੀਵ ਹੈ ਜੋ ਪਲਕਾਂ ਨਹੀਂ ਝਪਕਾਉਂਦੀ। ਇਸ ਦੀਆਂ ਪਲਕਾਂ ਝਿੱਲੀਨੁਮਾ ਹੁੰਦੀਆਂ ਹਨ।
- ਸਾਡੇ ਮਸਤਕ ਦੇ ਸੰਪੂਰਣ ਭਾਰ ਦਾ ਲਗਭਗ 80 ਪ੍ਰਤੀਸ਼ਤ ਪਾਣੀ ਹੁੰਦਾ ਹੈ।
- ਸਾਡੇ ਮਸਤਕ ਵਿੱਚ ਲਗਭਗ 86 ਬਿਲੀਅਨ ਤੰਤ੍ਰਕਾ ਕੋਸ਼ਿਕਾਵਾਂ (ਨਿਊਰੋਨ) ਹਨ।
- ਸ਼ੇਰ ਨੂੰ ਭਾਵੇਂ ਜੰਗਲ ਦਾ ਰਾਜਾ ਕਿਹਾ ਜਾਂਦਾ ਹੈ ਪਰ ਉਹ ਗੈਂਡੇ ਅਤੇ ਹਾਥੀ ਨਾਲ ਕਦੇ ਲੜਨਾ ਨਹੀਂ ਚਾਹੁੰਦਾ।
- ਕਦੇ-ਕਦੇ ਬਤੱਖ ਦਾ ਅੱਧਾ ਦਿਮਾਗ ਜਾਗਦਾ ਅਤੇ ਅੱਧਾ ਦਿਮਾਗ ਸੁੱਤਾ ਰਹਿੰਦਾ ਹੈ।
- ਇਕ ਸ਼ੁਤਰਮੁਰਗ ਦੀਆਂ ਅੱਖਾਂ ਉਸ ਦੇ ਦਿਮਾਗ ਤੋਂ ਵੱਡੀਆਂ ਹੁੰਦੀਆਂ ਹਨ।

- ਮਹਾਭਾਰਤ ਦਾ ਪੁਰਾਣਾ ਨਾਮ ਜੈਸੰਹਿਤਾ ਸੀ।
- ਮਲੇਸ਼ੀਆ ਵਿੱਚ ਅਜਿਹੇ ਪੌਦੇ ਮਿਲਦੇ ਹਨ ਜੋ ਅੱਗ ਵਰਸਾਉਂਦੇ ਹਨ।
- ਸੂਰਜ ਦੀਆਂ ਕਿਰਣਾਂ 8 ਮਿੰਟ 22 ਸੈਕਿੰਡ ਵਿੱਚ ਧਰਤੀ ਤੇ ਪਹੁੰਚਦੀਆਂ ਹਨ।
- ਸੰਨ 1833 ਨੂੰ ਭਾਰਤ ਵਿੱਚ ਡਾਕ ਸੇਵਾ ਸ਼ੁਰੂ ਕੀਤੀ ਗਈ ਸੀ।
- ਪ੍ਰਾਣੀਆਂ ਵਿੱਚ ਸਭ ਤੋਂ ਜ਼ਿਆਦਾ ਉਮਰ ਕਛੂਏ ਦੀ ਹੁੰਦੀ ਹੈ ਉਹ 300 ਸਾਲ ਤਕ ਜੀਵਿਤ ਰਹਿੰਦਾ ਹੈ।
- ਕੰਗਾਰੂ ਦਾ ਬੱਚਾ ਜਨਮਲੈਣ ਸਮੇਂ ਇਕ ਇੰਚ ਦਾ ਹੁੰਦਾ ਹੈ।
- ਪਾਣੀ ਦਾ ਪ੍ਰਾਣੀ ਵਹੇਲ ਸੰਸਾਰ ਦਾ ਸਭ ਤੋਂ ਵੱਡਾ ਪ੍ਰਾਣੀ ਹੈ।
- ਸਿਨੇਮਾ ਖੇਤਰ ਵਿੱਚ ਸਰਵੋਤਮ ਪ੍ਰਦਰਸ਼ਨ ਲਈ ਦਾਦਾ ਸਾਹਿਬ ਫਾਲਕੇ ਪੁਰਸਕਾਰ ਸਭ ਤੋਂ ਪਹਿਲਾਂ ਦੇਵਿਕਾ ਰਾਨੀ ਨੂੰ 1969 ਵਿੱਚ ਦਿਤਾ ਗਿਆ ਸੀ।
- ਦੁਬਈ ਦਾ 'ਬੁਰਜ ਖਲੀਫ਼ਾ' ਵਿਸ਼ਵ ਦੀ ਸਭ ਤੋਂ ਉਚੀ ਇਮਾਰਤ ਹੈ। ਇਸ ਇਮਾਰਤ ਵਿੱਚ 163 ਮੰਜ਼ਿਲਾਂ ਹਨ।

ਸੰਗ੍ਰਹਿਕਰਤਾ ❐ ਗੁਰਦੇਵ ਸਿੰਘ

ਕਹਾਣੀ : ਜ਼ਾਫਿਰ ਅਲੀ

# ਫੈਸਲਾ

ਇਕ ਵਾਰ ਕਿਸਮਤ ਅਤੇ ਮਿਹਨਤ ਵਿੱਚਕਾਰ ਵਿਵਾਦ ਛਿੜ ਗਿਆ। ਕਿਸਮਤ ਦਾ ਕਹਿਣਾ ਸੀ ਕਿ ਮੈਂ ਚਾਹਾਂ ਤਾ ਆਦਮੀ ਦੇ ਦਿਨ ਬਦਲਦੇ ਦੇਰ ਨਹੀਂ ਲੱਗਦੀ ਜਦਕਿ ਮਿਹਨਤ ਦਾ ਵਿਚਾਰ ਸੀ ਕਿ ਆਦਮੀ ਦਾ ਜੀਵਨ ਉਸ ਦੀ ਮਿਹਨਤ ਤੇ ਹੀ ਨਿਰਭਰ ਕਰਦਾ ਹੈ।

ਕਾਫੀ ਦੇਰ ਤਕ ਬਹਿਸ ਚਲੀ, ਲੇਕਿਨ ਕੋਈ ਫੈਸਲਾ ਨਾ ਹੋ ਸਕਿਆ। ਥੱਕ-ਹਾਰ ਕੇ ਦੋਹਾਂ ਨੇ ਆਪਣੀ-ਆਪਣੀ ਗੱਲ ਅਜਮਾਉਣ ਦਾ ਫੈਸਲਾ ਕੀਤਾ। ਪਹਿਲਾ ਮੌਕਾ ਕਿਸਮਤ ਨੂੰ ਦਿੱਤਾ ਗਿਆ। ਉਸ ਨੇ ਵੇਖਿਆ ਕਿ ਇਕ ਰਾਹਗੀਰ ਸਾਹਮਣਿਉਂ ਚਲਿਆ ਆ ਰਿਹਾ ਹੈ। ਕਿਸਮਤ ਨੇ ਇਕ ਹੀਰੇ ਦੀ ਅੰਗੂਠੀ ਰਾਹ ਵਿੱਚ ਸੁੱਟ ਦਿੱਤੀ ਅਤੇ ਰੁੱਖ ਦੀ ਓਟ ਵਿੱਚ ਲੁਕ ਗਈ।

ਰਾਹਗੀਰ ਇਕ ਮਜ਼ਦੂਰ ਸੀ। ਉਸ ਦਾ ਨਾਮ ਸੀ ਅਨੂਪ। ਅਨੂਪ ਮਜ਼ਦੂਰੀ ਲਈ ਸ਼ਹਿਰ ਵੱਲ ਜਾ ਰਿਹਾ ਸੀ। ਅੰਗੂਠੀ ਵੇਖ ਕੇ ਉਹ ਬਹੁਤ ਖੁਸ਼ ਹੋਇਆ। ਉਸ ਨੇ ਅੰਗੂਠੀ ਹੱਥ ਵਿੱਚ ਪਾ ਲਈ ਅਤੇ ਵਾਪਸ ਆਪਣੇ ਘਰ ਤੁਰ ਪਿਆ।



ਗਰਮੀ ਦੇ ਦਿਨ ਸਨ। ਚਲਦੇ-ਚਲਦੇ ਅਨੂਪ ਨੂੰ ਪਿਆਸ ਲੱਗੀ। ਉਹ ਇਕ ਤਲਾਬ ਦੇ ਕੋਲ ਰੁਕਿਆ ਅਤੇ ਝੁਕ ਕੇ ਪਾਣੀ ਪੀਣ ਲੱਗਾ। ਪਾਣੀ ਪੀਂਦੇ ਸਮੇਂ ਅੰਗੂਠੀ ਅਨੂਪ ਦੇ ਹੱਥੋਂ ਨਿਕਲ ਕੇ ਪਾਣੀ ਵਿੱਚ ਡਿਗ ਗਈ। ਇਹ ਵੇਖ ਕੇ ਅਨੂਪ ਨੂੰ ਬਹੁਤ ਦੁਖ ਹੋਇਆ। ਉਸ ਨੇ ਬਹੁਤ ਲੱਭਿਆ, ਪਰ ਅੰਗੂਠੀ ਉਹਨੂੰ ਨਾ ਮਿਲੀ। ਥੱਕ ਹਾਰ ਕੇ ਅਨੂਪ ਵਾਪਸ ਸ਼ਹਿਰ ਵੱਲ ਚਲ ਪਿਆ।

ਅੰਗੂਠੀ ਗਵਾਚਣ ਦਾ ਜਿੰਨਾ ਦੁੱਖ ਅਨੂਪ ਨੂੰ ਹੋਇਆ, ਉਸ ਤੋਂ ਕਿਤੇ ਜ਼ਿਆਦਾ ਕਿਸਮਤ ਨੂੰ ਹੋਇਆ। ਦੂਸਰੀ ਵਾਰ ਜਦ ਅਨੂਪ ਉਸੇ ਥਾਂ ਤੋਂ ਗੁਜਰਿਆ ਤਾਂ ਕਿਸਮਤ ਨੇ ਉਸ ਦੇ ਅੱਗੇ ਮੋਤੀਆਂ ਦਾ ਹਾਰ ਸੁੱਟ ਦਿੱਤਾ। ਹਾਰ ਵੇਖ ਕੇ ਅਨੂਪ ਦੀ ਖੁਸ਼ੀ ਦੀ ਹੱਦ ਨਾ ਰਹੀ। ਉਹ ਅੰਗੂਠੀ ਦੇ ਦੁੱਖ ਨੂੰ ਭੁੱਲ ਗਿਆ ਅਤੇ ਆਪਣੇ ਘਰ ਨੂੰ ਵਾਪਸ ਚਲ ਪਿਆ।

ਹਾਰ ਵਾਕਈ ਬਹੁਤ ਸੁੰਦਰ ਸੀ। ਉਸ ਦੀ ਸ਼ੋਭਾ ਵੇਖਦੇ ਹੀ ਬਣਦੀ ਸੀ। ਅਨੂਪ ਰਾਹ ਵਿੱਚ ਵਾਰ-ਵਾਰ ਉਹਨੂੰ ਕੱਢ ਕੇ ਵੇਖਦਾ ਅਤੇ ਫਿਰ ਆਪਣੀ ਜੇਬ ਵਿੱਚ ਰੱਖ ਲੈਂਦਾ। ਜਿਵੇਂ ਹੀ ਅਨੂਪ ਨੇ ਪੰਜਵੀਂ ਵਾਰ ਹਾਰ ਕੱਢਿਆ, ਇਕ ਚੀਲ ਝਪਟਾ ਮਾਰ ਕੇ ਹਾਰ ਨੂੰ ਲੈ ਕੇ ਉਡੱ ਗਈ।

ਅਨੂਪ ਖੂਬ ਚੀਕਿਆ-ਚਿਲਾਇਆ ਅਤੇ ਚੀਲ ਦਾ ਪਿੱਛਾ ਕੀਤਾ, ਪਰ ਉਹ ਹਾਰ ਨਾ ਪ੍ਰਾਪਤ ਕਰ ਸਕਿਆ। ਚੀਲ ਹਾਰ ਨੂੰ ਲੈ ਕੇ 'ਨੌ ਦੋ ਗਿਆਰਾ' ਹੋ ਗਈ। ਇਸ ਵਾਰ ਅਨੂਪ ਨੂੰ ਬਹੁਤ ਦੁੱਖ ਹੋਇਆ। ਉਹਨੂੰ ਆਪਣੇ ਆਪ ਤੇ ਬਹੁਤ ਕ੍ਰੋਧ ਆਇਆ ਪਰ ਉਹ ਕਰ ਵੀ ਕੀ ਸਕਦਾ ਸੀ? ਨਿਰਾਸ਼ ਹੋ ਕੇ ਉਹ ਫਿਰ ਮਜ਼ਦੂਰੀ ਦੀ ਭਾਲ ਵਿੱਚ ਨਿਕਲ ਪਿਆ।

ਅਨੂਪ ਦੇ ਹੱਥੋਂ ਹਾਰ ਨਿਕਲ ਜਾਣ ਤੇ ਮਿਹਨਤ ਨੇ ਕਿਸਮਤ ਵੱਲ



ਵੇਖਿਆ। ਉਹ ਕੁਝ ਨਾ ਬੋਲੀ। ਹਾਲਾਂ ਉਸ ਨੇ ਖੁਦ ਨੂੰ ਇਕ ਵਾਰ ਹੋਰ ਅਜਮਾਉਣਾ ਸੀ। ਇਸ ਵਾਰ ਉਸ ਨੇ ਅਨੂਪ ਦੇ ਰਾਹ ਵਿੱਚ ਪਾਰਸ ਪੱਥਰ ਸੁੱਟਿਆ। ਪਾਰਸ ਨੂੰ ਵੇਖ ਕੇ ਅਨੂਪ ਖੁਸ਼ੀ ਨਾਲ ਪਾਗਲ ਹੋ ਉਠਿਆ। ਉਸ ਨੇ ਪਾਰਸ ਨੂੰ ਆਪਣੀ ਜੇਬ ਵਿੱਚ ਰੱਖਿਆ ਅਤੇ ਦੌੜਦਾ ਹੋਇਆ ਆਪਣੇ ਘਰ ਜਾ ਪਹੁੰਚਾ।

ਘਰ ਪਹੁੰਚਣ ਤੇ ਅਨੂਪ ਨੇ ਆਪਣੀ ਪਤਨੀ ਨੂੰ ਆਵਾਜ਼ ਦਿੱਤੀ। ਉਸ ਸਮੇਂ ਉਸ ਦੀ ਪਤਨੀ ਕਿਸੇ ਕੰਮ ਲਈ ਗਵਾਂਢੀ ਦੇ ਘਰ ਗਈ ਹੋਈ ਸੀ। ਇਹ ਵੇਖ ਕੇ ਅਨੂਪ ਝੁੰਝਲਾ ਉਠਿਆ। ਦੂਸਰੇ ਦੇ ਘਰ ਪਾਰਸ ਲੈ ਕੇ ਜਾਣਾ ਠੀਕ ਨਹੀਂ ਸੀ ਇਸ ਲਈ ਅਨੂਪ ਨੇ ਪਾਰਸ ਨੂੰ ਇਕ ਤਖਤੇ ਤੇ ਰੱਖ ਦਿੱਤਾ ਅਤੇ ਆਪਣੀ ਪਤਨੀ ਨੂੰ ਲੱਭਣ ਲਈ ਤੁਰ ਪਿਆ।

ਅਨੂਪ ਦੇ ਜਾਣ ਤੋਂ ਥੋੜੀ ਦੇਰ ਬਾਅਦ ਉਸਦੀ ਗਵਾਂਢਣ ਕਿਸੇ ਕੰਮ ਲਈ ਅਨੂਪ ਦੇ ਘਰ ਆਈ। ਅਚਾਨਕ ਉਸ ਦੀ ਨਜ਼ਰ ਪਾਰਸ ਤੇ ਜਾ ਪਈ। ਪਾਰਸ ਵੇਖ ਕੇ ਉਸਦੀ ਨੀਯਤ ਡੋਲ ਗਈ। ਜਲਦੀ ਨਾਲ ਉਸ ਨੇ ਪਾਰਸ ਚੁੱਕਿਆ ਅਤੇ ਉਥੋਂ ਖਿਸਕ ਗਈ।

ਅਨੂਪ ਨੂੰ ਵਾਪਸ ਆਇਆ ਵੇਖ ਕੇ ਉਸ ਦੀ ਪਤਨੀ ਬਹੁਤ ਨਾਰਾਜ ਹੋਈ। ਘਰ ਵਿੱਚ ਵੜਦੇ ਹੀ ਉਹ ਜ਼ੋਰ ਨਾਲ ਚੀਕੀ- ਕੀ ਤੁਸੀਂ ਕੰਮ ਤੇ ਨਹੀਂ ਜਾਣਾ? ਰਾਹ ਵਿਚੋਂ ਹੀ ਕਿਉਂ ਵਾਪਸ ਆ ਗਏ?

ਹੁਣ ਸਾਡੇ ਦਿਨ ਬਦਲ ਗਏ। ਸਾਨੂੰ ਕੰਮ ਕਰਨ ਦੀ ਲੋੜ ਨਹੀਂ। ਅੱਜ ਮੈਂ ਉਹ ਚੀਜ਼ ਲਿਆਇਆ ਹਾਂ, ਜਿਸ ਨੂੰ ਵੇਖ ਕੇ ... ਕਹਿੰਦੇ ਹੋਏ ਅਨੂਪ ਨੇ ਪਾਰਸ ਚੁੱਕਣ ਲਈ ਤਖਤੇ ਵੱਲ ਹੱਥ ਵਧਾਇਆ। ਪਰ ਇਹ ਕੀ? ਪਾਰਸ ਤਾਂ ਗਾਇਬ ਸੀ। ਅਨੂਪ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।

ਕਿਹੜਾ ਕੁਬੇਰ ਦਾ ਖਜਾਨਾ ਤੁਹਾਡੇ ਹੱਥ ਲੱਗ ਗਿਆ ਹੈ, ਜਰਾ ਮੈਂ ਵੀ ਤਾਂ ਵੇਖਾਂ। -ਉਸਦੀ ਪਤਨੀ ਜ਼ੋਰ ਨਾਲ ਬੋਲੀ- ਇਹ ਤੁਹਾਨੂੰ ਕੀ ਹੋਇਆ?

ਅਨੂਪ ਦੇ ਬੋਲ ਨਹੀਂ ਨਿਕਲ ਰਹੇ ਸਨ ਪਰ ਕਿਸੇ ਤਰ੍ਹਾਂ ਨਾਲ ਉਸ ਨੇ ਸਾਰੀ ਗੱਲ ਦੱਸੀ। ਉਸ ਦੀ ਪਤਨੀ ਨੇ ਆਪਣਾ ਸਿਰ ਹੀ ਪਿਟ ਲਿਆ। ਉਹ ਕਾਫੀ ਦੇਰ ਤਕ ਚੀਕਦੀ-ਚਿਲਾਉਂਦੀ ਰਹੀ ਅਤੇ ਅਨੂਪ ਨੂੰ ਬੁਰਾ-ਭਲਾ ਕਹਿੰਦੀ ਰਹੀ। ਅਨੂਪ ਚੁਪਚਾਪ ਸੁਣਦਾ ਰਿਹਾ। ਉਹ ਨਿਰਾਸ਼ ਹੋ ਕੇ ਫਿਰ ਮਜ਼ਦੂਰੀ ਦੀ ਭਾਲ ਵਿੱਚ ਨਿਕਲ ਪਿਆ।

ਅਨੂਪ ਦੀ ਇਹ ਦਸ਼ਾ ਵੇਖ ਕੇ ਕਿਸਮਤ ਨੂੰ ਬਹੁਤ ਧੱਕਾ ਲੱਗਾ। ਤਿੰਨ ਵਾਰ ਯਤਨ ਕਰਨ ਦੇ ਬਾਵਜੂਦ ਉਹ ਅਨੂਪ ਦੀ ਹਾਲਤ ਨਹੀਂ ਬਦਲ ਸਕੀ। ਇਸ ਵਾਰ ਮਿਹਨਤ ਨੂੰ ਮੌਕਾ ਮਿਲਿਆ। ਮਿਹਨਤ ਨੇ ਅਨੂਪ ਦੇ ਰਾਹ ਵਿੱਚ ਇਕ ਕੁਹਾੜੀ ਸੁੱਟ ਦਿੱਤੀ।

ਕੁਹਾੜੀ ਵੇਖ ਕੇ ਅਨੂਪ ਨੇ ਬੁਝੇ ਮਨ ਨਾਲ ਉਸ ਨੂੰ ਚੁੱਕ ਲਿਆ ਅਤੇ ਸ਼ਹਿਰ ਪਹੁੰਚਿਆ ਪਰ ਤਦ ਤਕ ਬਹੁਤ ਦੇਰ ਹੋ ਚੁੱਕੀ ਸੀ। ਉਸ ਨੂੰ ਕਿਤੇ ਮਜ਼ਦੂਰੀ ਨਾ ਮਿਲੀ। ਨਿਰਾਸ਼ ਹੋ ਕੇ ਉਹ ਘਰ ਵਾਪਿਸ ਆਇਆ।

ਅਨੂਪ ਦੇ ਘਰ ਦੇ ਪਿਛਵਾੜੇ ਇਕ ਸੁੱਕਾ ਰੁੱਖ ਸੀ। ਉਸ ਨੇ ਸੋਚਿਆ ਕਿਉਂ ਨਾ ਰੁੱਖ ਕੱਟ ਕੇ ਇਸ ਦੀਆਂ ਲੱਕੜੀਆਂ ਹੀ ਵੇਚੀਆਂ ਜਾਣ। ਉਸ ਨੇ ਕੁਹਾੜੀ ਚੁੱਕੀ ਤੇ ਰੁੱਖ ਤੇ ਚੜ ਗਿਆ। ਰੁੱਖ ਤੇ ਇਕ ਆਲ੍ਹਣਾ ਬਣਿਆ ਹੋਇਆ ਸੀ। ਜਿਵੇਂ ਹੀ ਆਲ੍ਹਣੇ ਵਿੱਚ ਅਨੂਪ ਦੀ ਨਜ਼ਰ ਪਈ, ਤਾਂ ਉਹ ਹੈਰਾਨ ਰਹਿ ਗਿਆ। ਉਸ ਵਿੱਚ ਉਹੀ ਮੋਤੀਆਂ ਦਾ ਹਾਰ ਪਿਆ ਸੀ, ਜਿਸ ਨੂੰ ਚੀਲ ਲੈ ਉਡੀ ਸੀ।



ਉਸ ਹਾਰ ਨੂੰ ਵੇਖ ਕੇ ਅਨੂਪ ਇਕਦਮ ਚੀਕਿਆ – ਮਿਲ ਗਿਆ, ਮਿਲ ਗਿਆ। ਗਵਾਚਾ ਮਾਲ ਮਿਲ ਗਿਆ। ਠੀਕ ਉਸ ਸਮੇਂ ਅਨੂਪ ਦੀ ਗਵਾਂਢਣ ਪਾਰਸ ਪੱਥਰ ਨੂੰ ਆਪਣੇ ਵਿਹੜੇ ਵਿੱਚ ਲੈ ਕੇ ਬੈਠੀ ਸੀ। ਉਸ ਨੇ ਜਦ ਅਨੂਪ ਨੂੰ ਚੀਕਦੇ ਹੋਏ ਸੁਣਿਆ, ਤਾਂ ਉਹ ਡਰ ਗਈ। ਉਹਨੂੰ ਲੱਗਾ ਕਿ ਉਸਦੀ ਚੋਰੀ ਫੜੀ ਗਈ। ਉਸ ਨੇ ਚੁਪਚਾਪ ਪਾਰਸ ਵਾਪਿਸ ਕਰ ਦਿੱਤਾ ਅਤੇ ਮਾਫੀ ਮੰਗਣ ਲੱਗੀ।

ਹਾਰ ਅਤੇ ਪਾਰਸ ਪ੍ਰਾਪਤ ਕਰਕੇ ਅਨੂਪ ਅਤੇ ਉਸ ਦੀ ਪਤਨੀ ਦੀ ਖੁਸ਼ੀ ਦੀ ਹੱਦ ਨਾ ਰਹੀ। ਅਨੂਪ ਬਾਜ਼ਾਰ ਗਿਆ ਅਤੇ ਉਸ ਨੇ ਉਹ ਹਾਰ ਵੇਖ ਦਿੱਤਾ। ਬਾਜਾਰ ਤੋਂ ਉਸ ਨੇ ਫਲ-ਸਬਜ਼ੀ, ਕਪੜੇ ਅਤੇ ਮੱਛੀ ਖਰੀਦੀ ਅਤੇ ਖੁਸ਼ੀ-ਖੁਸ਼ੀ ਘਰ ਵਾਪਿਸ ਆ ਗਿਆ।

ਅਨੂਪ ਦੀ ਪਤਨੀ ਨੂੰ ਮੱਛੀਆਂ ਬਹੁਤ ਪਸੰਦ ਸਨ। ਮੱਛੀਆਂ ਲੈ ਕੇ ਉਹ ਉਹਨਾਂ ਨੂੰ ਕੱਟਣ ਬੈਠ ਗਈ। ਜਿਉਂ ਹੀ ਉਸ ਨੇ ਇਕ ਮੱਛੀ ਕੱਟੀ, ਕੱਟ ਦੀ ਆਵਾਜ਼ ਹੋਈ ਅਤੇ ਅਗਲੇ ਹੀ ਪਲ ਇਕ ਅੰਗੂਠੀ ਜ਼ਮੀਨ ਤੇ ਆ ਪਈ।

ਇਹ ਤਾਂ ਉਹੀ ਅੰਗੂਠੀ ਹੈ, ਜੋ ਤਾਲਾਬ ਵਿੱਚ ਡਿਗੀ ਸੀ। -ਅਨੂਪ ਖੁਸ਼ੀ ਨਾਲ ਉਛਲ ਪਿਆ ਅਤੇ ਈਸ਼ਵਰ ਨੂੰ ਧੰਨਵਾਦ ਦੇਣ ਲੱਗਾ।

ਅਨੂਪ ਦੇ ਘਰ ਤੋਂ ਦੂਰ ਬੈਠੀ ਕਿਸਮਤ ਅਤੇ ਮਿਹਨਤ ਸਾਰਾ ਤਮਾਸ਼ਾ ਵੇਖ ਰਹੀਆਂ ਸਨ। ਅੰਗੂਠੀ ਦੇ ਮਿਲ ਜਾਣ ਤੇ ਮਿਹਨਤ ਹੌਲੀ ਜਿਹੀ ਮੁਸਕਰਾਈ। ਉਹ ਬੋਲੀ – ਹੁਣ ਦੱਸੋ ਕਿਸਮਤ ਵੱਡੀ ਹੈ ਜਾਂ ਮਿਹਨਤ?

ਕਿਸਮਤ ਕੁਝ ਨਹੀਂ ਬੋਲੀ। ਉਸ ਦੀ ਸਮਝ ਵਿੱਚ ਆ ਗਿਆ ਸੀ ਕਿ ਜਦ ਆਦਮੀ ਮਿਹਨਤ ਤੋਂ ਕੰਮ ਲੈਂਦਾ ਹੈ, ਤਦੇ ਉਸ ਦੀ ਕਿਸਮਤ ਵੀ ਸਾਥ ਦਿੰਦੀ ਹੈ।

- ਅਸ਼ੋਕ ਭਾਰਦਵਾਜ਼

❐ ਪ੍ਰੇਰਕ ਕਥਾ

# ਸੱਚੀ ਸੇਵਕ ਮਦਰ ਟਰੇਸਾ



ਮਦਰ ਟਰੇਸਾ ਇਕ ਸੱਚੀ ਸੇਵਕ ਸੀ। ਇਕ ਵਾਰ ਮਦਰ ਟਰੇਸਾ ਕੋਹੜ ਦੇ ਰੋਗ ਨਾਲ ਪੀੜਤ ਰੋਗੀਆਂ ਦੇ ਇਲਾਜ ਲਈ ਕੋਲਕਾਤਾ ਵਿੱਚ ਦੁਕਾਨ-ਦੁਕਾਨ ਜਾ ਕੇ ਚੰਦਾ ਇੱਕਠਾ ਕਰ ਰਹੀ ਸੀ।

ਇਸੇ ਸਿਲਸਿਲੇ ਵਿੱਚ ਮਦਰ ਟਰੇਸਾ ਇਕ ਅਮੀਰ ਵਿਉਪਾਰੀ ਦੀ ਦੁਕਾਨ ਤੇ ਪਹੁੰਚੀ, ਜੋ ਆਪਣੀ ਦੁਕਾਨ ਤੇ ਬੈਠੇ-ਬੈਠੇ ਪਾਨ ਚਬਾ ਰਿਹਾ ਸੀ। ਜਦ ਮਦਰ ਟੇਰੇਸਾ ਨੇ ਉਸ ਵਿਉਪਾਰੀ ਦੇ ਅਗੇ ਆਪਣਾ ਸੱਜਾ ਹੱਥ ਅੱਡ ਕੇ ਕਿਹਾ ਕਿ ਕੋਹੜ ਰੋਗ ਨਾਲ ਪੀੜਿਤ ਰੋਗੀਆਂ ਲਈ ਕੁਝ ਦੇਣ ਦੀ ਕ੍ਰਿਪਾ ਕਰੋ, ਤਦ ਉਸ ਵਿਉਪਾਰੀ ਨੇ ਮਦਰ ਟਰੇਸਾ ਦੇ ਸੱਜੇ ਹੱਥ ਤੇ ਪਾਨ ਦੀ ਪੀਕ ਥੁੱਕ ਦਿੱਤੀ। ਇਸ ਤੇ ਮਦਰ ਟਰੇਸਾ ਬਿਲਕੁਲ ਵੀ ਵਿਚਲਿਤ ਨਹੀਂ ਹੋਈ ਅਤੇ ਉਸ ਨੇ ਤੁਰੰਤ ਆਪਣਾ ਸੱਜਾ ਹੱਥ ਪਿਛੇ ਕਰਦੇ ਹੋਏ ਕਿਹਾ ਕਿ ਇਹ ਤਾਂ ਮੇਰੇ ਲਈ ਹੋ ਗਿਆ। ਫਿਰ ਆਪਣਾ ਖੱਬਾ ਹੱਥ ਅੱਗੇ ਕਰਦੇ ਹੋਏ ਬਹੁਤ ਹੀ ਪਿਆਰ ਨਾਲ ਬੋਲੀ- ਹੁਣ ਕ੍ਰਿਪਾ ਕਰਕੇ ਮੇਰੇ ਕੋਹੜ ਦੇ ਰੋਗੀ ਭਰਾਵਾਂ ਲਈ ਕੁਝ ਦੇਣ ਦਾ ਕਸ਼ਟ ਕਰੋ।

ਉਸ ਵਿਉਪਾਰੀ ਨੇ ਸੋਚਿਆ ਵੀ ਨਹੀਂ ਸੀ ਕਿ ਕਿਸੇ ਦੇ ਹੱਥ ਤੇ ਥੁੱਕਣ ਦੇ ਬਾਅਦ ਵੀ ਉਹ ਬਿਲਕੁਲ ਵਿਚਲਿਤ ਅਤੇ ਕ੍ਰੋਧਿਤ ਨਹੀਂ ਹੋਏਗਾ ਅਤੇ ਉਲਟਾ ਆਪਣਾ ਪਿਆਰ ਵਿਖਾਵੇਗਾ। ਉਹ ਤੁਰੰਤ ਮਦਰ ਟਰੇਸਾ ਦੇ ਚਰਨਾਂ ਵਿੱਚ ਡਿਗ ਪਿਆ। ਆਪਣੇ ਕੀਤੇ ਹੋਏ ਦੀ ਮਾਫੀ ਮੰਗੀ ਅਤੇ ਉਸ ਦੇ ਬਾਅਦ ਮਦਰ ਟਰੇਸਾ ਦੀ ਮਦਦ ਵੀ ਕੀਤੀ।

ਸਿਖਿਆ : ਪਿਆਰੇ ਬੱਚਿਉ! ਸਾਨੂੰ ਕਿਸੇ ਵੀ ਹਾਲਤ ਵਿੱਚ ਹਾਰ ਨਹੀਂ ਮੰਨਣੀ ਚਾਹੀਦੀ ਅਤੇ ਹਮੇਸ਼ਾਂ ਦੂਸਰਿਆਂ ਦੇ ਪ੍ਰਤੀ ਸੇਵਾਭਾਵ ਰੱਖਣਾ ਚਾਹੀਦਾ ਹੈ।





❑ ਅਰਚਨਾ ਸੌਗਾਨੀ

# ਪ੍ਰਸੰਸਾ ਦੇ ਚੱਕਰ ਵਿੱਚ

ਇਕ ਨਗਰ ਵਿੱਚ ਇਕ ਬਹੁਤ ਵਧੀਆ ਮੂਰਤੀਕਾਰ ਸੀ। ਉਹ ਅਜਿਹੀਆਂ ਸੁੰਦਰ ਮੂਰਤੀਆਂ ਬਣਾਉਂਦਾ ਸੀ ਕਿ ਅਸਲੀ-ਨਕਲੀ ਵਿੱਚ ਪਹਿਚਾਣ ਕਰਨਾ ਮੁਸ਼ਕਿਲ ਸੀ। ਇਕ ਵਾਰ ਕਿਸੇ ਭਵਿੱਖਵਕਤਾ ਨੇ ਉਹਨੂੰ ਦੱਸਿਆ ਕਿ ਫਲਾਂ ਦਿਨ ਉਸ ਦੀ ਮੌਤ ਹੋਣ ਵਾਲੀ ਹੈ। ਤਦ ਉਸ ਮੂਰਤੀਕਾਰ ਨੇ ਮੌਤ ਤੋਂ ਬਚਣ ਲਈ ਇਕ ਤਰੀਕਾ ਲੱਭ ਲਿਆ। ਆਪਣੀ ਸ਼ਕਲ ਦੀਆਂ 25-30 ਮੂਰਤੀਆਂ ਬਣਾ ਕੇ ਇਕ ਵਿਸ਼ਾਲ ਕਮਰੇ ਵਿੱਚ ਰੱਖ ਦਿੱਤੀਆਂ ਅਤੇ ਖੁਦ ਵੀ ਮੂਰਤੀਆਂ ਦੇ ਵਿੱਚ ਖੜ੍ਹਾ ਹੋ ਗਿਆ। ਜਦ ਯਮਰਾਜ ਦੇ ਦੂਤ ਉਸ ਨੂੰ ਲੈਣ ਆਏ ਤਾਂ ਇਕੋ ਜਿਹੀ ਸ਼ਕਲ ਦੇ ਵਿਅਕਤੀਆਂ ਨੂੰ ਵੇਖ ਕੇ ਚਕਰਾ ਗਏ। ਉਹਨਾਂ ਲਈ ਉਸ ਮੂਰਤੀਕਾਰ ਨੂੰ ਚੁਣਨਾ ਮੁਸ਼ਕਿਲ ਹੋ ਗਿਆ।

ਦੂਤ ਯਮਰਾਜ ਦੇ ਕੋਲ ਗਏ ਅਤੇ ਆਪਣੀ ਸਮੱਸਿਆ ਦੱਸੀ ਕਿ ਮਹਾਰਾਜ ਮ੍ਰਿਤੂਲੋਕ ਵਿੱਚ ਪਹਿਲੀ ਵਾਰ ਇਕ ਹੀ ਸ਼ਕਲ ਦੇ 25-30 ਲੋਕ ਆ ਗਏ ਹਨ ਜਿਸ ਵਿਚੋਂ ਉਸ ਵਿਅਕਤੀ ਨੂੰ ਪਹਿਚਾਣਨਾ ਮੁਸ਼ਕਿਲ ਹੋ ਗਿਆ ਹੈ ਜਿਸ ਦੇ ਜੀਵਨ ਦਾ ਸਮਾਂ ਸਮਾਪਤ ਹੋ ਗਿਆ ਹੈ।

ਯਮਰਾਜ ਬ੍ਰਹਮਾ ਜੀ ਦੇ ਕੋਲ ਗਏ। ਸ਼ਿਕਾਇਤ ਕੀਤੀ ਕਿ ਮਹਾਰਾਜ ਆਪ ਨੇ ਸੰਸਾਰ ਦੀ ਰਚਨਾ ਕੀਤੀ। ਪਹਿਲਾਂ ਤਾਂ ਕਦੇ ਅਜਿਹਾ ਨਹੀਂ ਹੋਇਆ, ਦੋ ਵਿਅਕਤੀਆਂ ਦੀ ਸ਼ਕਲ ਵੀ ਆਪਸ ਵਿੱਚ ਨਹੀਂ ਮਿਲਦੀ। ਹੁਣ ਤਾਂ ਆਪ ਨੇ ਨਿਯਮ ਹੀ ਤੋੜ ਲਿਆ ਹੈ। ਇਕ, ਦੋ-ਚਾਰ ਨਹੀਂ, ਪੰਝੀ-ਤੀਹ ਲੋਕ ਇਕ ਹੀ ਸ਼ਕਲ ਦੇ ਬਣਾ



ਦਿੱਤੇ ਹਨ। ਸਾਡੇ ਦੂਤ ਵੀ ਪ੍ਰੇਸ਼ਾਨ ਹੋ ਗਏ ਹਨ। ਜਿਸ ਵਿਅਕਤੀ ਨੂੰ ਲਿਆਉਣਾ ਸੀ ਉਸ ਨੂੰ ਪਹਿਚਾਣਨਾ ਮੁਸ਼ਕਿਲ ਹੋ ਗਿਆ ਹੈ।

ਬ੍ਰਹਮਾ ਜੀ ਇਹ ਗੱਲ ਸੁਣ ਕੇ ਬੜੇ ਹੈਰਾਨ ਹੋਏ ਅਤੇ ਕਿਹਾ- ਯਮਰਾਜ ਜੀ! ਅਸੀਂ ਤਾਂ ਅਜਿਹਾ ਨਹੀਂ ਕੀਤਾ। ਸੰਸਾਰ ਦੀ ਉਤਪਤੀ ਦਾ ਨਿਯਮ ਜੋ ਚਲਿਆ ਆ ਰਿਹਾ ਹੈ, ਅੱਜ ਵੀ ਉਹੀ ਹੈ। ਆਪ ਦੇ ਦੂਤਾਂ ਨੂੰ ਸਮਝਣ ਵਿੱਚ ਕਿਤੇ ਗਲਤੀ ਹੋਈ ਹੈ। ਚਲੋ ਅਸੀਂ ਵੀ ਵੇਖਦੇ ਹਾਂ।

ਬ੍ਰਹਮਾ ਜੀ ਯਮਰਾਜ ਦੇ ਨਾਲ ਉਸੇ ਸਥਾਨ ਤੇ ਆਏ ਜਿਥੇ ਮੂਰਤੀਕਾਰ ਆਪਣੀ ਹਮਸ਼ਕਲ ਮੂਰਤੀਆਂ ਦੇ ਨਾਲ ਖੜਾ ਹੋਇਆ ਸੀ। ਬ੍ਰਹਮਾ ਜੀ ਨੇ ਵੇਖਿਆ ਤਾਂ ਮੁਸਕਰਾਏ। ਉਹ ਸਾਰੀ ਗੱਲ ਸਮਝ ਗਏ। ਉਹਨਾਂ ਨੇ ਮੂਰਤੀਕਾਰ ਨੂੰ ਵੱਖ ਕਰਨ ਦਾ ਤਰੀਕਾ ਲੱਭ ਲਿਆ।

ਬ੍ਰਹਮਾ ਜੀ ਬੋਲੇ- ਯਮਰਾਜ ਜੀ! ਅਜਿਹਾ ਮੂਰਤੀਕਾਰ ਤਾਂ ਮੈਂ ਪਹਿਲੀ ਵਾਰ ਵੇਖਿਆ ਹੈ ਜੋ ਐਨੀਆਂ ਵਧੀਆਂ ਮੂਰਤੀਆਂ ਬਣਾਉਂਦਾ ਹੈ ਕਿ ਅਸਲੀ ਅਤੇ ਨਕਲੀ ਦੀ ਪਹਿਚਾਣ ਕਰਨਾ ਮੁਸ਼ਕਿਲ ਹੋ ਗਿਆ ਹੈ। ਅਗਰ ਉਹ ਮੂਰਤੀਕਾਰ ਮੈਨੂੰ ਮਿਲ ਜਾਏ ਤਾਂ ਮੈਂ ਉਸ ਨੂੰ ਇਨਾਮ ਦੇਵਾਂਗਾ।

ਜਦ ਮੂਰਤੀਕਾਰ ਨੇ ਬ੍ਰਹਮਾ ਜੀ ਦੇ ਮੁਖ ਤੋਂ ਆਪਣੀ ਪ੍ਰਸ਼ੰਸਾ ਸੁਣੀ ਤਾਂ ਉਸ ਤੋਂ ਰਿਹਾ ਨਹੀਂ ਗਿਆ ਉਹ ਤੁਰੰਤ ਬੋਲ ਪਿਆ- ਮਹਾਰਾਜ! ਇਹ ਮੂਰਤੀਆਂ ਤਾਂ ਮੈਂ ਹੀ ਬਣਾਈਆਂ ਹਨ।

ਤਦ ਬ੍ਰਹਮਾ ਜੀ ਨੇ ਮੁਸਕਰਾ ਕੇ ਯਮਰਾਜ ਨੂੰ ਕਿਹਾ- ਲਉ ਮਹਾਰਾਜ! ਸੰਭਾਲੋ ਇਹਨਾਂ ਨੂੰ ਅਤੇ ਲੈ ਜਾਓ ਆਪਣੇ ਨਾਲ।

ਪਿਆਰੇ ਬੱਚਿਉ ! ਅਗਰ ਉਹ ਮੂਰਤੀਕਾਰ ਆਪਣੀ ਪ੍ਰਸ਼ੰਸਾ ਸੁਣ ਕੇ ਚੁਪਚਾਪ ਖੜਾ ਰਹਿੰਦਾ ਤਾਂ ਬ੍ਰਹਮਾ ਜੀ ਅਤੇ ਯਮਰਾਜ ਵਾਪਸ ਚਲੇ ਜਾਂਦੇ ਪਰ ਉਸ ਨੂੰ ਪ੍ਰਸ਼ੰਸਾ ਅਤੇ ਹੰਕਾਰ ਨੇ ਘੇਰ ਲਿਆ ਸੀ ਜਿਸ ਕਾਰਣ ਉਸ ਨੂੰ ਯਮਲੋਕ ਜਾਣਾ ਪਿਆ।

❑ ਪ੍ਰਿਤਪਾਲ ਢਿੱਲੋਂ

# ਵੇਲੇ ਦੀ ਕਦਰ



ਬੱਚਿਉ ! ਸਾਂਭ ਲਉ ਇਹ ਵੇਲਾ,
ਹੱਥ ਨਾ ਆਉਣਾ, ਮੁੜ ਕੇ ਵੇਲਾ।

ਵੇਲੇ ਦੀ ਜੋ ਨਬਜ ਪਛਾਣੇ,
ਸਿਆਣਾ ਉਸ ਨੂੰ ਕਹਿਣ ਸਿਆਣੇ।

ਤੜਕੇ ਉਠ ਕੇ ਕੰਮ ਨਿਬੇੜੋ,
ਕਾਹਲੀ ਨੂੰ ਨਾ ਕਦੇ ਸਹੇੜੋ।

ਵੇਲੇ ਦੀ ਕਦਰ ਕਰਨੀ ਨਾ ਛੱਡੋ,
ਅੱਜ ਦਾ ਕੰਮ ਨਾ ਕੱਲ ਤੇ ਛੱਡੋ।

ਮੰਨ ਲਓ ਬੱਚਿਓ ''ਢਿੱਲੋਂ'' ਦਾ ਕਹਿਣਾ,
ਵੇਲਾ ਇਕੋ ਜਿਹਾ ਨਹੀਂ ਰਹਿਣਾ।

❐ ਰਾਧਾ ਨਾਚੀਜ (ਨਜਫਗੜ੍ਹ)

# ਬੁਝਾਰਤਾਂ

1. ਗੋਲ-ਗੋਲ ਚਿਹਰਾ
ਪੇਟ ਨਾਲ ਰਿਸ਼ਤਾ ਗਹਿਰਾ।

2. ਮੈਨੂੰ ਸੁਣਾਂਦੀ ਮੇਰੀ ਨਾਨੀ,
ਆਦਿ ਕਟੇ ਤਾਂ ਹੁੰਦੀ ਹਾਣੀ।
ਬੱਚੇ ਭੁੱਲਦੇ ਖਾਣਾ, ਪਾਣੀ
ਇਕ ਸੀ ਰਾਜਾ ਇਕ ਸੀ ਰਾਣੀ

3. ਛੇ ਅੱਖਰ ਦਾ ਮੇਰਾ ਨਾਮ,
ਆਸਮਾਨ ਵਿੱਚ ਉਡਣਾ ਮੇਰਾ ਕਾਮ।
ਪਰ ਲਗਦਾ ਹੈ ਜ਼ਿਆਦਾ ਦਾਮ,
ਦੱਸੋ ਦੋਸਤੋ ਇਸ ਦਾ ਨਾਮ?

4. ਮਿੱਟੀ ਦਾ ਬਣਾਇਆ ਮਕਾਨ,
ਲੋਹੇ ਦੀ ਛੱਤ ਲਗਾਈ।
ਸਵੇਰੇ-ਸ਼ਾਮ ਉਸ ਘਰ ਵਿੱਚ,
ਰੋਜ਼ਾਨਾ ਅੱਗ ਲਗਾਈ।

5. ਹਵਾਲਾਤ ਵਿੱਚ ਬੰਦ ਪਈ ਹਾਂ,
ਫਿਰ ਵੀ ਬਾਹਰ ਪਾਓਗੇ।
ਬਿਨ ਪੈਰ ਦੇ ਚਲੂੰ ਮੈਂ,
ਬਿਨ ਮੇਰੇ ਮਰ ਜਾਓਗੇ।

6. ਅਗਰ ਕਿਤੇ ਮੈਨੂੰ ਪਾ ਜਾਂਦਾ,
ਬੜੇ ਪ੍ਰੇਮ ਨਾਲ ਤੋਤਾ ਖਾਂਦਾ।
ਬੱਚੇ, ਬੁੱਢੇ ਅਗਰ ਖਾ ਜਾਂਦੇ,
ਵਿਆਕੁਲ ਹੋ ਅੱਖਾਂ ਭਰ ਲਿਆਂਦੇ।

7. ਆਧਿ ਕਟੇ ਤਾਂ ਬਣਦਾ ਟਰ,
ਮੱਧ ਕਟੇ ਤਾਂ ਬਣਦਾ ਮਰ।
ਸਬਜ਼ੀ ਦੇ ਮੈਂ ਆਵਾਂ ਕਾਮ,
ਸੋਚੋ ਕੀ ਹੈ ਮੇਰਾ ਨਾਮ?

8. ਜਿਥੇ ਪਹੁੰਚ ਮੰਗੇ ਮੁਰਾਦ,
ਜਲੇ ਦੀਪ, ਚੜੇ ਪ੍ਰਸਾਦ।
ਸਾਢੇ ਤਿੰਨ ਅੱਖਰ ਦਾ ਨਾਮ,
ਹੁੰਦੀ ਪੂਜਾ ਸਵੇਰੇ-ਸ਼ਾਮ?

9 ਆਦਿ-ਅੰਤ ਕੱਟੋ ਤਾਂ ਮੇਰਾ,
ਬਣ ਜਾਂਦਾ ਹੈ ਮਾਟ।
ਲਾਜਵਾਬ ਬਣਦੀ ਹੈ ਮੇਰੀ,
ਖਾ ਕੇ ਵੇਖੋ ਚਾਟ?

10. ਮਧ ਕਟੇ ਤਾਂ ਬਣੇ ਦੇਵਤਾ,
ਆਦਿ ਕਟੇ ਤਾਂ ਨਾਰ।
ਔਰਤਾਂ ਨਾਲ ਹੀ ਚਲਦਾ,
ਜਿਸ ਦਾ ਕਾਰੋਬਾਰ?

11. ਦੇਵਨਾਗਰੀ ਜਿਸ ਦੀ ਲਿਪੀ,
ਕਹਿਲਾਂਦੀ ਸੁਰਭਾਸ਼ਾ।
ਹਿੰਦੀ ਦੀ ਹੈ ਨਾਨੀ,
ਨਾ ਸਮਝੇ ਉਹ ਅਗਿਆਨੀ?

12. ਚਾਰ ਪੈਰ ਦੋ ਹੱਥ,
ਨਿਰਜੀਵ ਸਭ ਅੰਗ।
ਮੈਨੂੰ ਪਾਉਣ ਲਈ ਹੁੰਦੇ
ਬੜੇ-ਬੜੇ ਹੁੜਦੰਗ।

ਉੱਤਰ : 1. ਰੋਟੀ, 2. ਕਹਾਣੀ, 3. ਹਵਾਈ ਜਹਾਜ਼, 4. ਚੁੱਲਾ ਤਵਾ, 5. ਹਵਾ, 6. ਹਰੀ ਮਿਰਚ, 7. ਮਟਰ 8. ਮੰਦਿਰ, 9. ਟਮਾਟਰ, 10. ਸੁਨਾਰ, 11. ਸੰਸਕ੍ਰਿਤ, 12. ਕੁਰਸੀ।



ਲੇਖ : ਵਿਭਾ ਵਰਮਾ


# ਇਕ ਵਿਸ਼ਾਲ ਜੀਵ ਹਿਪੋ

ਹਿੱਪੋ, ਬੜਾ ਹੀ ਅਨੋਖਾ ਅਤੇ ਵਿਸ਼ਾਲ ਜੀਵ ਹੈ। ਇਸ ਦਾ ਸਰੀਰ ਬਹੁਤ ਮੋਟਾ ਤਾਜਾ ਅਤੇ ਸ਼ਕਲ ਸੂਅਰ ਨਾਲ ਮਿਲਦੀ-ਜੁਲਦੀ ਹੈ। ਸਾਧਾਰਣ ਹਿੱਪੋ 14 ਫੁੱਟ ਤਕ ਲੰਮਾ ਹੁੰਦਾ ਹੈ ਅਤੇ ਇਸ ਦਾ ਵਜਨ 1500 ਕਿਲੋ ਤੋਂ ਵੀ ਜ਼ਿਆਦਾ ਹੁੰਦਾ ਹੈ। ਇਸ ਦੀ ਖੱਲ ਲਗਭਗ ਦੋ ਇੰਚ ਮੋਟੀ ਹੁੰਦੀ ਹੈ। ਕੋਈ ਨੁਕੀਲਾ ਹਥਿਆਰ ਵੀ ਇਸ ਦੀ ਚਮੜੀ ਨੂੰ ਆਸਾਨੀ ਨਾਲ ਪਾਰ ਨਹੀਂ ਕਰ ਸਕਦਾ। ਇਹਨੂੰ ਦਰਿਆਈ ਘੋੜਾ ਵੀ ਕਹਿੰਦੇ ਹਨ। ਹਿੱਪੋ ਦਾ ਮੂੰਹ ਬੜਾ ਡਰਾਵਣਾ ਅਤੇ ਵੱਡਾ ਹੁੰਦਾ ਹੈ। ਜਦ ਇਹ ਮੂੰਹ ਖੋਲ੍ਹਦਾ ਹੈ ਤਾਂ ਉਸ ਦੀ ਲੰਮੀ ਚੌੜੀ ਜੀਭ ਅਤੇ ਨੁਕੀਲੇ ਦੰਦ ਦਿਖਾਈ ਦਿੰਦੇ ਹਨ। ਇਸ ਦੇ ਮੂੰਹ ਵਿੱਚ ਹਾਥੀ ਵਰਗੇ ਦੋ ਨੁਕੀਲੇ ਦੰਦ ਵੀ ਹੁੰਦੇ ਹਨ। ਇਹ ਜਾਨਵਰ ਜ਼ਿਆਦਾਤਰ ਘਾਹ ਅਤੇ ਪੱਤੇ ਖਾਂਦਾ ਹੈ। ਲੇਕਿਨ ਇਹਨੂੰ ਮਿਠਾਈ ਬਹੁਤ ਪਸੰਦ ਹੈ। ਗੰਨੇ ਵੀ ਇਹਨੂੰ ਬਹੁਤ ਚੰਗੇ ਲੱਗਦੇ ਹਨ। ਇਹ ਆਪਣਾ ਜ਼ਿਆਦਾਤਰ ਸਮਾਂ ਪਾਣੀ ਵਿੱਚ ਬਤੀਤ ਕਰਦਾ ਹੈ। ਇਹ ਨਦੀਆਂ ਅਤੇ ਝੀਲਾਂ ਵਿੱਚ ਤੇਜ਼ੀ ਨਾਲ ਤੈਰ ਵੀ ਸਕਦਾ ਹੈ। ਜਦ ਕੋਈ ਛੋਟੀ ਕਿਸ਼ਤੀ ਨਦੀ ਵਿੱਚ ਜਾ ਰਹੀ ਹੁੰਦੀ ਹੈ ਤਾਂ ਇਹ ਪਾਣੀ ਦੇ ਅੰਦਰ ਹੀ ਅੰਦਰ ਉਸਦੇ ਕੋਲ ਪਹੁੰਚ ਜਾਂਦਾ ਹੈ ਅਤੇ ਅਚਾਨਕ ਹੀ ਉਹਨੂੰ ਉਲਟਾ ਦਿੰਦਾ ਹੈ। ਜਦ ਇਹ ਪਾਣੀ ਅੰਦਰ ਤੈਰਦਾ ਹੈ ਤਾਂ ਆਪਣੀਆਂ ਅੱਖਾਂ ਅਤੇ ਕੰਨ ਬੰਦ ਕਰ ਲੈਂਦਾ ਹੈ। ਇਹ ਜ਼ਿਆਦਾਤਰ ਦਲਦਲ ਵਿੱਚ ਰਹਿਣਾ ਪਸੰਦ ਕਰਦਾ ਹੈ ਅਤੇ ਜਦ ਇਹਨੂੰ ਭੁੱਖ ਲੱਗਦੀ ਹੈ ਤਾਂ ਭੋਜਨ ਦੀ ਭਾਲ ਵਿੱਚ ਮੈਦਾਨ ਵਿੱਚ ਆ ਜਾਂਦਾ ਹੈ।

ਅਫਰੀਕਾ ਵਾਸੀ ਹਿੱਪੋ ਦੀ ਕਿਸ਼ਤੀ ਵੀ ਬਣਾਉਂਦੇ ਹਨ ਅਤੇ ਉਸ ਤੇ ਬੈਠ ਕੇ ਮਜੇ ਨਾਲ ਨਦੀ ਵਿੱਚ ਸੈਰ ਕਰਦੇ ਹਨ। ਉਥੋਂ ਦੇ ਲੋਕ ਨਦੀ ਵਿੱਚ ਹੀ ਹਿੱਪੋ ਨੂੰ ਮਾਰ ਦਿੰਦੇ ਹਨ। ਪਹਿਲਾਂ ਤਾਂ ਭਾਰੀ ਸਰੀਰ ਨਦੀ ਦੇ ਤਲ ਵਿੱਚ ਬੈਠ ਜਾਂਦਾ ਹੈ ਫਿਰ ਬਾਅਦ ਵਿੱਚ ਪਾਣੀ ਦੀ ਸਤ੍ਹਾ ਤੇ ਆ ਜਾਂਦਾ ਹੈ। ਇਸੇ ਤੇ ਬੈਠ ਕੇ ਇਥੋਂ ਦੇ ਲੋਕ ਇਕ ਸਥਾਨ ਤੋਂ ਦੂਸਰੇ ਸਥਾਨ ਤੇ ਜਾਂਦੇ ਹਨ।



# ਰੰਗ ਭਰੋ



ਨਾਂ ........................................................................ਉਮਰ..........

ਪੂਰਾ ਪਤਾ.............................................................................

.............................................................................................

.............................................................................................

# ਸਤੰਬਰ ਅੰਕ ਦੀ ਰੰਗ ਭਰੋ ਪ੍ਰਤੀਯੋਗਤਾ ਦਾ ਨਤੀਜਾ

**ਪਹਿਲਾ ਨੰ :**

ਸ਼ੁਭਮ (ਉਮਰ 8 ਸਾਲ)
ਪਿੰਡ ਤੇ ਡਾਕਖਾਨਾ : ਪੁਰਹੀਰਾਂ
ਜ਼ਿਲਾ – ਹੁਸ਼ਿਆਰਪੁਰ (ਪੰਜਾਬ)

**ਦੂਸਰਾ ਨੰ :**

ਸਹਿਜ ਬਾਂਸਲ (ਉਮਰ 7 ਸਾਲ)
ਪਿੰਡ ਤੇ ਡਾਕਖਾਨਾ ; ਪਾਤੜਾਂ
ਜ਼ਿਲਾ – ਪਟਿਆਲਾ (ਪੰਜਾਬ)

**ਤੀਸਰਾ ਨੰ :**

ਮਨਪ੍ਰੀਤ ਕੌਰ (ਉਮਰ 11 ਸਾਲ)
ਪਿੰਡ : ਹੀਰੋਂ ਖੁਰਦ
ਡਾਕਖਾਨਾ – ਹੋਡਲਾ ਕਲਾਂ
ਜ਼ਿਲਾ – ਮਾਨਸਾ (ਪੰਜਾਬ)

## ਪਸੰਦ ਕੀਤੇ ਗਏ –

ਪ੍ਰਦੀਪ ਕੁਮਾਰ (ਨਵਾਂ ਸ਼ਹਿਰ),
ਦਿਆਲ ਕੌਰ (ਹੀਰੋਂਖੁਰਦ),
ਗੁਰਲਾਲ ਸਿੰਘ (ਹੀਰੋਂਖੁਰਦ),
ਸੁਖਮੀਤ ਭੱਟੀ (ਸਰਦੂਲਗੜ੍ਹ),
ਨਿਮਰਤਾ (ਬੁਢਲਾਡਾ),
ਕਿਰਨਦੀਪ (ਲੁਧਿਆਣਾ),
ਸਿਮਰਨ ਕੌਰ (ਧਰਮਪੁਰਾ),
ਪਰਵੀਨ ਕੌਰ (ਨਾਨਕ ਨਗਰੀ),
ਪ੍ਰਭਜੋਤ ਕੌਰ (ਭੈਰੋ ਮਾਜਰਾ),
ਸਮੀਪਤਾ ਖੁਰਾਨਾ (ਜਲੰਧਰ),
ਪ੍ਰੇਰਨਾ (ਬੇਦੀ ਨਗਰ),
ਏਕਤਾ (ਹਰੀਕੇਪਤਨ),
ਗੁਰਲੀਨ ਕੌਰ (ਡੱਫਰ),
ਜਸ਼ਨਪ੍ਰੀਤ ਕੌਰ (ਬੋਹਾ),
ਸਰਬਜੀਤ ਕੌਰ (ਜਗਰਾਉਂ),
ਵੰਸ਼ਿਕਾ ਬੇਥੋ (ਬੁਢਲਾਡਾ),
ਸੁਭਪ੍ਰੀਤ (ਅੰਮ੍ਰਿਤਸਰ),
ਗੁਰਮੁਖ ਨੂਰ (ਰੁਮਿਟਾਲਾ),
ਸਿਦਕ ਭਾਟੀਆ (ਦੋਰਾਹਾ),
ਗੁਰਪ੍ਰੀਤ (ਗਿੱਦੜਬਾਹਾ)




## ਨਵੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ *25 ਨਵੰਬਰ 2019* ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ *ਜਨਵਰੀ 2020* ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

ਬਾਲ ਕਹਾਣੀ : ਦੀਪਾਂਸ਼ੂ ਜੈਨ

# ਠੱਗੀ ਮਹਿੰਗੀ ਪਈ

ਰਾਜਸਥਾਨ ਦੇ ਕਿਸੇ ਪਿੰਡ ਵਿੱਚ ਰਾਮਧਨ ਨਾਮਕ ਕਿਸਾਨ ਰਹਿੰਦਾ ਸੀ। ਸਿੱਧਾ-ਸਾਦਾ ਆਦਮੀ ਸੀ, ਮਗਰ ਸੀ ਬੜਾ ਚਲਾਕ। ਕੀ ਮਜਾਲ ਕੋਈ ਉਹਨੂੰ ਧੋਖਾ ਦੇ ਜਾਏ। ਉਸ ਦੇ ਪਿੰਡ ਹਮੇਸ਼ਾਂ ਪਾਣੀ ਦੀ ਘਾਟ ਰਹਿੰਦੀ ਸੀ। ਖੂਹ ਵੀ ਨਹੀਂ ਸੀ। ਦੂਰ ਤੋਂ ਪਾਣੀ ਲਿਆਉਣਾ ਪੈਂਦਾ ਸੀ।

ਰਾਮਧਨ ਦੇ ਪਿਤਾ ਹਰ ਕਿਸੇ ਦੀ ਗੱਲ ਤੇ ਭਰੋਸਾ ਕਰ ਲੈਂਦੇ ਸਨ। ਦੂਸਰਿਆਂ ਦੀ ਗੱਲ ਮੰਨ ਕੇ ਬੇਟੇ ਨਾਲ ਲੜ-ਝਗੜ ਵੀ ਪੈਂਦੇ ਸਨ। ਇਕ ਵਾਰ ਰਾਮਧਨ ਦੇ ਪਿਤਾ ਲੜ-ਝਗੜ ਕੇ ਕਿਤੇ ਚਲੇ ਗਏ। ਹਫ਼ਤਿਆਂ ਤੱਕ ਪਿੰਡ ਵਾਪਸ ਨਹੀਂ ਆਏ। ਰਾਮਧਨ ਨੂੰ ਚਿੰਤਾ ਹੋਈ। ਉਸ ਨੇ ਉਹਨਾਂ ਨੂੰ ਲੱਭ ਕੇ ਲਿਆਉਣ ਦਾ ਨਿਸ਼ਚਾ ਕੀਤਾ।

ਸਰਦੀ ਦਾ ਮੌਸਮ ਸੀ। ਉਸ ਨੇ ਚਾਰ ਕੰਬਲ ਆਪਣੇ ਨਾਲ ਲਏ ਅਤੇ ਪਿਤਾ ਨੂੰ ਲੱਭਣ ਨਿਕਲਿਆ। ਲੱਭਦੇ-ਲੱਭਦੇ ਉਹ ਦੂਰ ਨਿਕਲ ਗਿਆ। ਇਕ ਪਿੰਡ ਨਦੀ ਦੇ ਕਿਨਾਰੇ ਵੱਸਿਆ ਹੋਣ ਦੇ ਕਾਰਣ ਉਸ ਪਿੰਡ ਵਿੱਚ ਪਾਣੀ ਨਾਲ ਭਰਿਆ ਹੋਇਆ ਇਕ ਖੂਹ ਸੀ। ਇਕ ਕਿਸਾਨ ਬੱਲਦਾਂ ਦੀ ਸਹਾਇਤਾ ਨਾਲ ਹਲਟ ਚਲਾ ਰਿਹਾ ਸੀ। ਹਲਟ ਦੇ ਕੋਲ ਹੀ ਕਿਸਾਨ ਦੇ ਤਿੰਨ ਸਾਥੀ ਬੈਠੇ ਗੱਪਛਪ ਮਾਰ ਰਹੇ ਸਨ। ਹਲਟ ਦੀਆਂ ਟਿੰਡਾਂ ਵਿਚੋਂ ਪਾਣੀ ਦੀ ਧਾਰ ਵਹਿੰਦੀ ਸੀ।

ਰਾਮਧਨ ਨੇ ਇਹ ਵੇਖਿਆ ਤਾਂ ਹੈਰਾਨੀ ਵਿੱਚ ਪੈ ਗਿਆ। ਇਸ ਤੋਂ ਪਹਿਲਾਂ ਉਸ ਨੇ ਹਲਟ ਨਹੀਂ ਵੇਖਿਆ ਸੀ। ਉਸ ਨੇ ਪਹਿਲਾਂ ਤਾਂ ਪਾਣੀ ਨੂੰ ਛੂਹ ਕੇ ਵੇਖਿਆ। ਫਿਰ ਹੱਥ ਧੋ ਕੇ ਪਾਣੀ ਪੀਤਾ। ਉਸ ਦੀ ਥਕਾਨ ਦੂਰ ਹੋ ਗਈ। ਰਾਮਧਨ ਨੇ ਕਿਸਾਨ ਤੋਂ ਪੁੱਛਿਆ- ਭਾਈ, ਤੇਰਾ ਖੂਹ ਬਹੁਤ ਵਧੀਆ ਹੈ। ਪ੍ਰੰਤੂ ਇਕ ਗੱਲ ਸਮਝ ਨਹੀਂ ਆਈ ਕਿ ਕਿਹੜਾ ਇਸ ਖੂਹ ਦੇ ਅੰਦਰ ਬੈਠਾ ਐਨੀਆਂ ਸਾਰੀਆਂ ਟਿੰਡਾਂ ਨੂੰ ਭਰ ਰਿਹਾ ਹੈ? ਕੀ ਉਹ ਥਕਦਾ ਨਹੀਂ?

ਰਾਮਧਨ ਦੀ ਗੱਲ ਸੁਣ ਕੇ ਕਿਸਾਨ ਹੱਸ ਕੇ ਬੋਲਿਆ- ਟਿੰਡਾਂ ਨੂੰ ਤੇਰਾ ਬਾਪ ਭਰ ਰਿਹਾ ਹੈ। ਉਹਨਾਂ ਦੇ ਪਾਣੀ ਨਾਲ ਖੇਤੀ ਦੀ ਸਿੰਚਾਈ ਹੋ ਰਹੀ ਹੈ।

ਰਾਮਧਨ ਨੇ ਕਿਹਾ - ਅੱਛਾ, ਮੇਰਾ ਬਾਪ ਇਥੇ ਆ ਗਿਆ। ਮਗਰ ਭਾਈ, ਇਸ ਕੜਾਕੇ ਦੀ ਸਰਦੀ ਵਿੱਚ ਵੀ ਉਹ ਖੂਹ ਵਿੱਚ ਬੈਠਾ ਟਿੰਡਾਂ ਨੂੰ ਭਰ ਰਿਹਾ ਹੈ। ਕੀ ਉਹਨੂੰ ਠੰਡ ਨਹੀਂ ਲੱਗਦੀ?

ਰਾਮਧਨ ਦੀ ਗੱਲ ਸੁਣ ਕੇ ਇਸ ਵਾਰ ਕਿਸਾਨ ਨੂੰ ਹਾਸਾ ਆ ਗਿਆ। ਨਾਲ ਬੈਠੇ ਦੂਸਰੇ ਲੋਕ ਵੀ ਹੱਸਣ ਲਗੇ। ਕਿਸਾਨ ਨੇ ਰਾਮਧਨ ਨੂੰ ਕਿਹਾ - ਹਾਂ, ਸਰਦੀ ਤਾਂ ਜ਼ਰੂਰ ਲੱਗ ਰਹੀ ਹੋਏਗੀ। ਅਗਰ ਤੈਨੂੰ ਆਪਣੇ ਪਿਤਾ ਜੀ ਦੀ ਐਨੀ ਚਿੰਤਾ ਹੋ ਰਹੀ ਹੈ ਤਾਂ ਇਹ ਚਾਰੇ ਕੰਬਲ ਮੈਨੂੰ ਦੇ ਦਿਉ। ਮੈਂ ਉਹਨਾਂ ਦੇ ਕੋਲ ਪਹੁੰਚਾ ਦੇਵਾਂਗਾ।





ਨਾਲ ਬੈਠੇ ਸਾਥੀਆਂ ਨੇ ਵੀ ਕਿਹਾ – ਹਾਂ ਭਾਈ, ਕਿਸਾਨ ਠੀਕ ਹੀ ਤਾਂ ਕਹਿ ਰਿਹਾ ਹੈ। ਕੰਬਲ ਦੇ ਦਿਉ।

ਰਾਮਧਨ ਕੁਝ ਸੋਚਣ ਲਗਾ। ਫਿਰ ਬੋਲਿਆ – ਤੁਸੀਂ ਠੀਕ ਹੀ ਕਹਿੰਦੇ ਹੋ। ਲਉ, ਕੰਬਲ ਉਹਨਾਂ ਨੂੰ ਦੇ ਦੇਣਾ। ਮੇਰੀ ਰਾਮ-ਰਾਮ ਕਹਿ ਦੇਣਾ। ਮੈਂ ਫਿਰ ਆ ਕੇ ਮਿਲ ਲਵਾਂਗਾ। – ਕਹਿੰਦੇ ਹੋਏ ਉਸ ਨੇ ਕੰਬਲ ਦੇ ਦਿੱਤੇ।

ਰਾਮਧਨ ਅਗੇ ਵੱਧ ਗਿਆ। ਉਸ ਦੇ ਜਾਣ ਦੇ ਬਾਦ ਕਿਸਾਨ ਅਤੇ ਉਸ ਦੇ ਸਾਥੀ ਉਸ ਦੀ ਬੇਵਕੂਫੀ ਤੇ ਬੜੀ ਦੇਰ ਤਕ ਹੱਸਦੇ ਰਹੇ।

ਕਿਸਾਨ ਦੇ ਤਿੰਨਾਂ ਸਾਥੀਆਂ ਨੇ ਕਿਹਾ- ਹੁਣ ਸਾਨੂੰ ਚਾਰੇ ਕੰਬਲ ਆਪਸ ਵਿੱਚ ਵੰਡ ਲੈਣੇ ਚਾਹੀਦੇ ਹਨ।

ਕਿਸਾਨ ਲਾਲਚੀ ਸੀ। ਬੋਲਿਆ- ਕੰਬਲ ਤਾਂ ਮੈਂ ਹੀ ਰੱਖਾਂਗਾ। ਮੈਂ ਹੀ ਆਪਣੀ ਹੁਸ਼ਿਆਰੀ ਨਾਲ ਉਹਨੂੰ ਬੁੱਧੂ ਬਣਾਇਆ ਹੈ। ਕਿਸਾਨ ਦੇ ਸਾਥੀ ਬਹੁਤ ਵਿਗੜੇ। ਉਹਨਾਂ ਨੇ ਪਿੰਡ ਵਿੱਚ ਸਾਰਿਆਂ ਨੂੰ ਸਾਰੀਆਂ ਗੱਲਾਂ ਦੱਸ ਦਿੱਤੀਆਂ।

ਮਹੀਨੇ ਗੁਜ਼ਰ ਗਏ। ਖੇਤ ਵਿੱਚ ਕਣਕ ਦੀ ਫਸਲ ਪੱਕ ਕੇ ਲਹਿਲਹਾਉਣ ਲੱਗੀ। ਕਿਸਾਨ ਦਾ ਪਰਿਵਾਰ ਫਸਲ ਕੱਟਣ ਵਿੱਚ ਜੁਟਿਆ ਹੋਇਆ ਸੀ। ਇਕ ਦਿਨ ਅਚਾਨਕ ਰਾਮਧਨ ਆ ਧਮਕਿਆ।

ਕਿਸਾਨ ਨੇ ਉਸ ਨੂੰ ਪਹਿਚਾਣ ਲਿਆ। ਹੱਸਦੇ ਹੋਏ ਪੁੱਛਿਆ- ਕਹੋ ਭਾਈ, ਕਿਵੇਂ ਆਉਣਾ ਹੋਇਆ? ਤੇਰੇ ਪਿਤਾ ਜੀ ਖੂਬ ਮਜ਼ੇ ਵਿੱਚ ਹਨ। ਕੰਬਲ ਲੈ ਕੇ ਉਹ ਖੂਹ ਵਿੱਚ ਆਰਾਮ ਨਾਲ ਸੌਂ ਰਹੇ ਹਨ। ਇਸ ਵਾਰ ਉਹਨਾਂ ਨੂੰ ਕੀ ਦੇਣ ਆਏ ਹੋ?

ਰਾਮਧਨ ਨੇ ਭੋਲੇਪਨ ਨਾਲ ਉਤਰ ਦਿੱਤਾ – ਭਾਈ, ਇਸ ਵਾਰ ਮੈਂ ਕੁਝ ਦੇਣ ਨਹੀਂ, ਕਣਕ ਦੀ ਅੱਧੀ ਫਸਲ ਅਤੇ ਆਪਣੇ ਪਿਤਾ ਜੀ ਨੂੰ ਵਾਪਸ ਲੈਣ ਆਇਆ ਹਾਂ।

ਕਿਸਾਨ ਉਹਨੂੰ ਵੇਖਦਾ ਰਹਿ ਗਿਆ। ਬੋਲਿਆ- ਅੱਧੀ ਫਸਲ ਉਹ ਕਿਵੇਂ?

ਰਾਮਧਨ ਨੇ ਭੋਲੇਪਨ ਨਾਲ ਕਿਹਾ- ਭਾਈ, ਮੇਰੇ ਪਿਤਾ ਨੇ ਕੜਾਕੇ ਦੀ ਸਰਦੀ ਵਿੱਚ ਠਿਠੁਰਦੇ ਹੋਏ ਟਿੰਡਾਂ ਵਿੱਚ ਪਾਣੀ ਭਰਿਆ ਸੀ। ਉਸੇ ਨਾਲ ਫਸਲ ਦੀ ਸਿੰਚਾਈ ਹੋਈ ਹੈ। ਤੂੰ ਇਹ ਗੱਲ ਖੁਦ ਕਹੀ ਸੀ। ਹੁਣ ਦੱਸੋ, ਮੈਂ ਅੱਧੀ ਫਸਲ ਦਾ ਹੱਕਦਾਰ ਹਾਂ ਨਾ?

ਕਿਸਾਨ ਇੰਝ ਕਿਵੇਂ ਮੰਨਣ ਵਾਲਾ ਸੀ। ਉਹ ਰਾਮਧਨ ਨੂੰ ਬੁਰਾ-ਭਲਾ ਕਹਿਣ ਲੱਗਾ। ਰਾਮਧਨ ਨੇ ਪਿੰਡ ਦੀ ਪੰਚਾਇਤ ਵਿੱਚ ਸ਼ਿਕਾਇਤ ਕੀਤੀ।

ਕਿਸਾਨ ਦੇ ਤਿੰਨਾਂ ਸਾਥੀਆਂ ਨੇ ਸੋਚਿਆ – ਕਿਸਾਨ ਨੂੰ ਉਸ ਦੀ ਕੁਟਿਲਤਾ ਦਾ ਪੂਰਾ ਮਜਾ ਚਖਾਉਣਾ ਚਾਹੀਦਾ ਹੈ। ਚਾਰੇ ਕੰਬਲ ਹਥਿਆ ਕੇ ਉਹ ਬੜਾ ਹੁਸ਼ਿਆਰ ਬਣਦਾ ਸੀ।

ਪੰਚਾਂ ਨੇ ਪੂਰੀ ਗੱਲ ਸੁਣੀ। ਫਿਰ ਰਾਮਧਨ ਨੂੰ ਕਿਹਾ – ਕਿਸਾਨ ਨੇ ਤੇਰੇ ਨਾਲ ਮਜ਼ਾਕ ਕੀਤਾ ਸੀ। ਭਲਾ, ਕੋਈ ਆਦਮੀ ਇਹ ਕੰਮ ਕਰ ਸਕਦਾ ਹੈ?

ਰਾਮਧਨ ਨੇ ਸਹਿਜਤਾ ਨਾਲ ਉਤਰ ਦਿਤਾ। – ਮੈਂ ਕੀ ਜਾਣਾ? ਮੈਂ ਠਹਿਰਾ ਭੋਲਾ-ਭਾਲਾ। ਮੇਰੇ ਪਿੰਡ ਵਿੱਚ ਅਜਿਹੇ ਵਧੀਆ ਖੂਹ ਵੀ ਨਹੀਂ ਹਨ। ਨਾ ਹੀ ਮੈਂ ਕਦੇ ਹਲਟ ਚਲਦਾ ਵੇਖਿਆ ਹੈ। ਰਹੀ ਗੱਲ ਮਜ਼ਾਕ ਦੀ। ਇਹ ਤਾਂ ਕਿਸਾਨ ਨੂੰ ਕੰਬਲ ਹੜੱਪਦੇ ਸਮੇਂ ਸੋਚਣਾ ਚਾਹੀਦਾ ਸੀ। ਮੈਂ ਤਾਂ ਇਸ ਦੀ ਗੱਲ ਸੱਚੀ ਸਮਝੀ, ਕੰਬਲ ਦੇ ਦਿਤੇ। ਹੁਣ ਮੈਨੂੰ ਨਿਆਂ ਮਿਲਣਾ ਚਾਹੀਦਾ ਹੈ।

ਪੰਚਾਂ ਨੇ ਗਵਾਹੀ ਲਈ ਕਿਸਾਨ ਦੇ ਸਾਥੀਆਂ ਨੂੰ ਬੁਲਵਾਇਆ। ਉਹ ਕਿਸਾਨ ਤਾਂ ਚਿੜ ਹੀ ਰਹੇ ਸਨ। ਉਹਨਾਂ ਨੇ ਤੁਰੰਤ ਕਿਹਾ – ਰਾਮਧਨ ਠੀਕ ਕਹਿੰਦਾ ਹੈ। ਕਿਸਾਨ ਨੇ ਝੂਠ ਬੋਲ ਕੇ ਇਸ ਤੋਂ ਚਾਰ ਕੰਬਲ ਲਏ ਸਨ।

ਪੰਚਾਂ ਨੇ ਫੈਸਲਾ ਦਿੱਤਾ। – ਰਾਮਧਨ ਨੂੰ ਕਿਸਾਨ ਨੇ ਝੂਠ ਬੋਲ ਕੇ ਠੱਗਿਆ। ਹੁਣ ਉਸ ਨੂੰ ਆਪਣੀ ਅੱਧੀ ਫਸਲ ਹਰਜਾਨੇ ਵਿੱਚ ਦੇਣੀ ਪਏਗੀ। ਨਾਲ ਹੀ ਰਾਮਧਨ ਦੇ ਪਿਤਾ ਨੂੰ ਵੀ ਲੱਭ ਕੇ ਲਿਆਉਣਾ ਪਏਗਾ।

ਵਿਚਾਰਾ ਕਿਸਾਨ ਬੁਰਾ ਫਸਿਆ। ਪਿੰਡ ਵਾਲਿਆਂ ਦੇ ਅਗੇ ਉਸ ਦੀ ਇਕ ਨਾ ਚਲ ਸਕੀ। ਉਹਨੂੰ ਅੱਧੀ ਫਸਲ ਰਾਮਧਨ ਨੂੰ ਦੇਣੀ ਪਈ। ਮਗਰ ਉਸਦੇ ਪਿਤਾ ਨੂੰ ਉਹ ਕਿਥੋਂ ਲੱਭ ਕੇ ਲਿਆਉਂਦਾ। ਉਹ ਰਾਮਧਨ ਨੂੰ ਬੋਲਿਆ – ਭਾਈ, ਅੱਧੀ ਫਸਲ ਲੈ ਚੁਕੇ ਹੋ। ਹੁਣ ਤਾਂ ਮਾਫ਼ ਕਰ ਦਿਉ। ਦੱਸੋ ਮੈਂ ਤੇਰੇ ਪਿਤਾ ਨੂੰ ਕਿਥੋਂ ਲੱਭ ਕੇ ਲਿਆਵਾਂ? ਮੈਂ ਤਾਂ ਉਹਨਾਂ ਨੂੰ ਜਾਣਦਾ ਵੀ ਨਹੀਂ। ਚਾਹੋ ਤਾਂ ਕੁਝ ਹੋਰ ਜੁਰਮਾਨਾ ਲੈ ਲਉ।

ਇਹ ਸੁਣ ਕੇ ਰਾਮਧਨ ਨੂੰ ਹਾਸਾ ਆ ਗਿਆ। ਬੋਲਿਆ– ਬਸ, ਹਾਰ ਗਏ। ਬੜੇ ਹੁਸ਼ਿਆਰ ਬਣਦੇ ਸੀ। ਜਾਉ, ਮਾਫ਼ ਕੀਤਾ। ਮੇਰੇ ਪਿਤਾ ਜੀ ਘਰ ਵਾਪਸ ਆ ਗਏ ਹਨ। ਯਾਦ ਰੱਖੋ, ਫਿਰ ਕਿਸੇ ਨੂੰ ਧੋਖਾ ਨਾ ਦੇਣਾ, ਵਰਨਾ ਸਾਰੀ ਫਸਲ ਗਵਾ ਬੈਠੋਗੇ। ਜੁਰਮਾਨਾ ਵੱਖਰਾ ਭਰੋਗੇ। – ਕਹਿੰਦਾ ਹੋਇਆ ਉਹ ਘਰ ਵਾਪਸ ਆਇਆ।

ਪਿਆਰੇ ਬੱਚਿਉ! ਕਦੇ ਕਿਸੇ ਨਾਲ ਝੂਠ ਬੋਲ ਕੇ ਧੋਖਾ ਨਾ ਕਰੋ।



*ਪ੍ਰੇਰਕ ਪ੍ਰਸੰਗ : ਜਗਤਾਰ 'ਚਮਨ'*

# ਤਾਰੀਫ ਹੰਕਾਰ ਪੈਦਾ ਕਰਦੀ ਹੈ

*ਵਿਨੋਬਾ ਭਾਵੇ ਕੋਲ ਹਰ ਰੋਜ਼ ਬਹੁਤ ਸਾਰੀਆਂ ਚਿੱਠੀਆਂ ਆਉਂਦੀਆਂ ਸਨ। ਵਿਨੋਬਾ ਜੀ ਹਰ ਚਿੱਠੀ ਨੂੰ ਬਹੁਤ ਹੀ ਖੁਸ਼ੀ ਨਾਲ ਪੜਦੇ ਸਨ ਫੇਰ ਉਸ ਦਾ ਜਵਾਬ ਲਿਖਦੇ ਸਨ।*

*ਇਕ ਦਿਨ ਵਿਨੋਬਾ ਭਾਵੇ ਨੇ ਚਿੱਠੀ ਪੜੀ ਅਤੇ ਪਾੜ ਕੇ ਕੂੜੇ ਵਿੱਚ ਸੁੱਟ ਦਿੱਤੀ। ਕੋਲ ਬੈਠੇ ਇਕ ਵਿਅਕਤੀ ਨੇ ਪੁੱਛਿਆ, 'ਸ਼੍ਰੀਮਾਨ ਜੀ ਤੁਸੀਂ ਤਾਂ ਹਰ ਚਿੱਠੀ ਨੂੰ ਪਿਆਰ ਨਾਲ ਪੜ੍ਹਦੇ ਹੋ ਫਿਰ ਉਸ ਨੂੰ ਸੰਭਾਲ ਕੇ ਰੱਖ ਲੈਂਦੇ ਹੋ। ਅੱਜ ਇਸ ਚਿੱਠੀ ਵਿੱਚ ਕੀ ਲਿਖਿਆ ਸੀ ਜੋ ਤੁਸੀਂ ਪਾੜ ਦਿੱਤੀ।*

*ਵਿਨੋਬਾ ਭਾਵੇ ਨੇ ਕਿਹਾ – 'ਇਸ ਚਿੱਠੀ ਵਿੱਚ ਮੇਰੀ ਤਾਰੀਫ ਲਿਖੀ ਹੋਈ ਸੀ।' ਉਸ ਵਿਅਕਤੀ ਨੇ ਕਿਹਾ – ''ਇਹ ਤਾਂ ਸਾਂਭ ਕੇ ਰੱਖਣ ਵਾਲੀ ਚਿੱਠੀ ਸੀ। ਪਾੜਨੀ ਨਹੀਂ ਚਾਹੀਦੀ ਸੀ।*

*ਵਿਨੋਬਾ ਭਾਵੇ ਨੇ ਕਿਹਾ – '' ਉਹ ਚਿੱਠੀ ਹੀ ਨਹੀਂ ਹੋ ਸਕਦੀ, ਜਿਸ ਵਿੱਚ ਤਾਰੀਫ ਹੀ ਤਾਰੀਫ ਲਿਖੀ ਹੋਵੇ। ਉਹ ਤਾਂ ਮਨ ਵਿੱਚ ਹੰਕਾਰ ਪੈਦਾ ਕਰਦੀ ਹੈ। ਇਹ ਕਹਿ ਕੇ ਵਿਨੋਬਾ ਭਾਵੇ ਮੁਸਕਰਾਉਂਦੇ ਹੋਏ ਉਸ ਵਿਅਕਤੀ ਵੱਲ ਦੇਖਣ ਲੱਗੇ।''*

*ਉਹ ਵਿਅਕਤੀ ਵਿਨੋਬਾਭਾਵੇ ਦੀ ਸਾਰੀ ਗੱਲ ਸਮਝ ਗਿਆ।*

# ਕਦੇ ਨਾ ਭੁੱਲੋ

- ਸੇਵਾ, ਸਿਮਰਨ ਅਤੇ ਸਤਿਸੰਗ ਤਿੰਨ ਅਜਿਹੀਆਂ ਛੱਤਰੀਆਂ ਹਨ ਜੋ ਸਾਨੂੰ ਹਰ ਮੁਸ਼ਕਿਲ ਤੋਂ ਬਚਾਉਂਦੀਆਂ ਹਨ।

  (ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ)

- ਦੂਸਰਿਆਂ ਦਾ ਜੋ ਵਿਵਹਾਰ ਤੁਹਾਨੂੰ ਪਸੰਦ ਨਹੀਂ ਹੈ, ਉਹੋ ਜਿਹਾ ਵਿਵਹਾਰ ਤੁਸੀਂ ਵੀ ਦੂਸਰਿਆਂ ਨਾਲ ਨਾ ਕਰੋ।

  - ਕੰਫਿਊਸ਼ੀਅਸ

- ਜਦ-ਜਦ ਅਸੀਂ ਡਿਗਦੇ ਹਾਂ ਸਾਨੂੰ ਅੱਗੇ ਚੱਲਣ ਦਾ ਤਜ਼ਰਬਾ ਹੋ ਜਾਂਦਾ ਹੈ।

  - ਸੁਕਰਾਤ

- ਕਦੇ-ਕਦੇ ਸਾਨੂੰ ਉਹਨਾਂ ਲੋਕਾਂ ਤੋਂ ਵੀ ਸਿਖਿਆ ਮਿਲਦੀ ਹੈ ਜਿਨ੍ਹਾਂ ਨੂੰ ਅਸੀ ਹੰਕਾਰਵਸ਼ ਅਗਿਆਨੀ ਸਮਝਦੇ ਹਾਂ।

  - ਪ੍ਰੇਮਚੰਦ

- ਉਸ ਦਿਨ ਨੂੰ ਤੁਸੀਂ ਬੇਕਾਰ ਹੀ ਸਮਝੋ ਜਿਸ ਦਿਨ ਤੁਸੀਂ ਹੱਸੇ ਨਹੀਂ।

  - ਚੇਮਸਫੋਰਡ

- ਗਿਆਨੀ ਮਨੁੱਖ ਦੀ ਦ੍ਰਿਸ਼ਟੀ ਦੂਸਰਿਆਂ ਦੀ ਚੰਗਿਆਈ ਤੇ ਪੈਂਦੀ ਹੈ ਜਦਕਿ ਮੂਰਖ ਲੋਕ ਦੂਸਰਿਆਂ ਦੇ ਔਗੁਣ ਫੋਲਦੇ ਹਨ।

  - ਵਿਨੋਬਾ ਭਾਵੇ

- ਮਾਤਭੂਮੀ ਸਦਾ ਧਰਮ ਅਤੇ ਸਵਰਗ ਤੋਂ ਵੀ ਜ਼ਿਆਦਾ ਮਹਾਨ ਹੁੰਦੀ ਹੈ।

  (ਝਾਂਸੀ ਦੀ ਰਾਣੀ ਲਕਸ਼ਮਈ ਬਾਈ)

- ਸਬਰ ਜ਼ਿੰਦਗੀ ਦੇ ਮਕਸਦ ਦਾ ਦਰਵਾਜ਼ਾ ਖੋਲ੍ਹਦਾ ਹੈ ਕਿਉਂਕਿ ਸਿਵਾਏ ਸਬਰ ਦੇ ਉਸ ਦਰਵਾਜ਼ੇ ਦੀ ਕੋਈ ਕੁੰਜੀ ਨਹੀਂ ਹੈ।

  - ਸ਼ੇਖ ਸਾਦੀ

- ਮੈਂ ਨਰਕ ਵਿੱਚ ਵੀ ਉੱਤਮ ਪੁਸਤਕਾਂ ਦਾ ਸਵਾਗਤ ਕਰਾਂਗਾ ਕਿਉਂਕਿ ਪੁਸਤਕਾਂ ਵਿੱਚ ਉਹ ਸ਼ਕਤੀ ਹੈ ਕਿ ਉਹ ਜਿਥੇ ਵੀ ਹੋਣਗੀਆਂ, ਉਥੇ ਸਵਰਗ ਬਣ ਜਾਏਗਾ।

  - ਬਾਲ ਗੰਗਾਧਰ ਤਿਲਕ

- ਚੰਗੀ ਪੁਸਤਕ ਉਹ ਹੈ ਜੋ ਉਮੀਦ ਨਾਲ ਖੋਲ੍ਹੀ ਜਾਏ ਅਤੇ ਲਾਭ ਦੇ ਨਾਲ ਬੰਦ ਕੀਤੀ ਜਾਏ।

  - ਮਿਲਟਨ

- ਸੱਚੇ ਮਿੱਤਰ ਦੀ ਚੋਣ ਦੇ ਬਾਦ ਸਭ ਤੋਂ ਪਹਿਲਾਂ ਲੋੜ ਹੈ ਚੰਗੀ ਅਤੇ ਸ਼ਾਨਦਾਰ ਪੁਸਤਕ ਦੀ ਚੋਣ।

  - ਕੋਲਟਨ

❑ ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ

❑ ਪੀ.ਐਸ. ਸਾਦਿਕ

# ਧੁੰਦ


ਕਿਧਰੋਂ ਉਤੱਰ ਆਈ ਧੁੰਦ,
ਚਾਰੇ ਪਾਸੇ ਛਾਈ ਧੁੰਦ।


ਹੋਣ ਹਾਦਸੇ ਸੜਕਾਂ ਉਤੇ,
ਆਫਤ ਬਣ ਕੇ ਆਈ ਧੁੰਦ।

ਰੇਲਾਂ-ਬੱਸਾਂ ਲੇਟ ਹੋ ਗਈਆਂ,
ਜਾਵੇ-ਜਾਨ ਸੁਕਾਈ ਧੁੰਦ।

ਠੰਢ ਐਨੀ ਕਿ ਕੁਲਫੀ ਜੰਮੇ,
ਡਾਢੀ ਹੈ ਹਰਜਾਈ ਧੁੰਦ।

ਧੁੱਪ ਜਦੋਂ ਸੂਰਜ ਦੀ ਚਮਕੀ,
ਕਿਧਰੇ ਨਜ਼ਰ ਨਾ ਆਈ ਧੁੰਦ।





❑ ਸੁਰਿੰਦਰ ਕੌਰ ਰੋਮੀ

# ਹੰਕਾਰੀ ਹਾਥੀ

ਇਕ ਜੰਗਲ ਦੇ ਨੇੜੇ ਇਕ ਛੋਟਾ ਜਿਹਾ ਪਿੰਡ ਸੀ। ਉਸ ਪਿੰਡ ਦੇ ਲੋਕ ਮਿਹਨਤੀ ਸਨ। ਉਹਨਾਂ ਦਾ ਮੁੱਖ ਧੰਦਾ ਖੇਤੀਬਾੜੀ ਸੀ। ਉਨ੍ਹਾਂ ਵਿਚੋਂ ਰਾਮੂ ਅਤੇ ਉਸਦੀ ਪਤਨੀ ਇਕ ਛੋਟੇ ਜਿਹੇ ਮਕਾਨ 'ਚ ਰਹਿੰਦੇ ਸਨ। ਉਨ੍ਹਾਂ ਦਾ ਇਕ ਪੁੱਤਰ ਸੀ ਜੋ ਛੇਵੀਂ ਜਮਾਤ ਦਾ ਵਿਦਿਆਰਥੀ ਸੀ। ਉਹ ਬਹੁਤ ਹੁਸ਼ਿਆਰ ਅਤੇ ਬਹੁਤ ਚੁਸਤ ਸੀ। ਉਸਦਾ ਨਾਮ ਮੋਹਨ ਸੀ। ਰਾਮੂ ਤੇ ਉਸਦੀ ਪਤਨੀ ਜਦੋਂ ਖੇਤਾਂ 'ਚ ਕੰਮ ਕਰਦੇ ਤਾਂ ਛੁੱਟੀ ਵਾਲੇ ਦਿਨ ਉਹਨਾਂ ਦਾ ਪੁੱਤਰ ਮੋਹਨ ਵੀ ਕੰਮ 'ਚ ਉਹਨਾਂ ਦੀ ਮਦਦ ਕਰਦਾ।

ਜੰਗਲ 'ਚ ਬਹੁਤ ਸਾਰੇ ਜੰਗਲੀ ਜਾਨਵਰ ਰਹਿੰਦੇ ਸਨ। ਸਾਰੇ ਜਾਨਵਰ ਆਪਸ ਵਿੱਚ ਮਿਲ-ਜੁਲ ਕੇ ਰਹਿੰਦੇ ਸਨ ਪਰ ਉਹਨਾਂ 'ਚ ਇਕ ਐਸਾ ਹਾਥੀ ਵੀ ਸੀ, ਜਿਸ ਨੂੰ ਆਪਣੇ ਆਪ ਤੇ ਬਹੁਤ ਘਮੰਡ ਸੀ। ਉਹ ਸਮਝਦਾ ਸੀ ਕਿ ਮੈਂ ਸਾਰੇ ਜਾਨਵਰਾਂ ਨਾਲੋਂ ਵੱਧ ਸ਼ਕਤੀਸ਼ਾਲੀ ਹਾਂ। ਇਹ ਹਾਥੀ ਕਈ ਵਾਰ ਜੰਗਲ ਵਿਚੋਂ ਨਿਕਲ ਕੇ ਖੇਤਾਂ 'ਚ ਆ ਜਾਂਦਾ ਤੇ ਫਸਲਾਂ ਦਾ ਭਾਰੀ ਨੁਕਸਾਨ ਕਰਕੇ ਸ਼ੋਰ ਮਚਾ ਕੇ ਦੌੜ ਜਾਂਦਾ। ਸਾਰੇ ਪਿੰਡ ਦੇ ਲੋਕ ਇਸ ਹਾਥੀ ਤੋਂ ਪ੍ਰੇਸ਼ਾਨ ਰਹਿੰਦੇ ਸਨ।

ਇਕ ਦਿਨ ਰਾਮੂ ਆਪਣੇ ਖੇਤਾਂ ਵਿੱਚ ਕੰਮ ਕਰ ਰਿਹਾ ਸੀ ਕਿ ਅਚਾਨਕ ਉਹੀ ਹਾਥੀ ਜੰਗਲ ਵਿਚੋਂ ਭੱਜ ਕੇ ਉਥੇ ਆ ਗਿਆ। ਰਾਮੂ ਨੇ ਦੂਰੋਂ ਹਾਥੀ ਆਉਂਦਾ ਦੇਖ ਕੇ ਸ਼ੋਰ ਮਚਾ ਦਿੱਤਾ। ਉਸਦਾ ਸ਼ੋਰ ਸੁਣ ਕੇ ਬਾਕੀ ਖੇਤਾਂ 'ਚ ਕੰਮ ਕਰਦੇ ਲੋਕ ਉਸ ਹਾਥੀ ਨੂੰ ਭਜਾਉਣ ਲਈ ਇੱਕਠੇ ਹੋ ਗਏ। ਉਨ੍ਹਾਂ ਨੇ ਪੀਪੇ ਤੇ ਢੋਲ ਵਜਾ ਕੇ ਹਾਥੀ ਨੂੰ ਭਜਾਉਣਾ ਚਾਹਿਆ, ਪਰ ਹਾਥੀ ਬਹੁਤ ਹੰਕਾਰੀ ਸੀ। ਉਹ ਉਨ੍ਹਾਂ ਦੇ ਢੋਲ-ਪੀਪੇ ਤੋਂ ਕਦੋਂ ਡਰਦਾ ਸੀ? ਹਾਥੀ ਨੇ ਰਾਮੂ ਦੀ ਫਸਲ ਦਾ ਭਾਰੀ ਨੁਕਸਾਨ ਕੀਤਾ ਤੇ ਜੰਗਲ ਵੱਲ ਭੱਜ ਗਿਆ। ਲੋਕ ਉਸ ਤੋਂ ਡਰਦੇ ਮਾਰੇ ਉਸਦੇ ਕੋਲ ਨਹੀਂ ਜਾਂਦੇ ਸਨ

ਰਾਮੂ ਨੇ ਘਰ ਜਾ ਕੇ ਆਪਣੀ ਪਤਨੀ ਅਤੇ ਆਪਣੇ ਪੁੱਤਰ ਮੋਹਨ ਨੂੰ ਹੋਏ ਨੁਕਸਾਨ ਬਾਰੇ ਦੱਸਿਆ। ਮੋਹਨ ਨੇ ਆਪਣੇ ਪਿਤਾ ਜੀ ਨੂੰ ਸਲਾਹ ਦਿੱਤੀ ਕਿ ਸਾਨੂੰ ਚੁੱਪ ਕਰਕੇ ਨਹੀਂ ਬੈਠਣਾ ਚਾਹੀਦਾ ਸਗੋਂ ਇਸ ਮੁਸੀਬਤ ਤੋਂ ਛੁਟਕਾਰਾ ਪਾਉਣ ਲਈ ਕੁਝ ਕਰਨਾ ਚਾਹੀਦਾ ਹੈ। ਉਸ ਨੂੰ ਇੱਕ ਸਕੀਮ ਸੁਝੀ ਕਿ ਅਸੀਂ ਹਾਥੀ ਨੂੰ ਫੜਨ ਵਾਸਤੇ ਵੱਡਾ ਸਾਰਾ ਟੋਆ ਪੁੱਟ ਲੈਂਦੇ ਹਾਂ। ਉਸ ਟੋਏ ਨੂੰ ਉਪਰੋਂ ਘਾਹ ਫੂਸ ਤੇ ਗੰਨਿਆਂ ਦੀ ਛੱਤ ਬਣਾ ਕੇ ਢੱਕ ਦਿੰਦੇ ਹਾਂ। ਜਦੋਂ ਹਾਥੀ ਇਸ ਟੋਏ ਉਪਰੋਂ ਦੀ ਲੰਘੇਗਾ ਤਾਂ ਇਸ ਵਿੱਚ ਡਿੱਗ ਪਵੇਗਾ। ਅਸੀਂ ਕਿਸੇ ਸ਼ਿਕਾਰੀ ਨੂੰ ਬੁਲਾ ਕੇ ਇਸ ਨੂੰ ਫੜਾ ਦੇਵਾਂਗੇ।



ਮੋਹਨ ਦੀ ਇਹ ਸਕੀਮ ਉਸਦੇ ਪਿਤਾ ਨੂੰ ਬਹੁਤ ਪਸੰਦ ਆਈ। ਉਸ ਨੇ ਪਿੰਡ ਦੇ ਸਾਰੇ ਲੋਕਾਂ ਨੂੰ ਇਸ ਸਕੀਮ ਬਾਰੇ ਦੱਸਿਆ। ਪਿੰਡ ਦੇ ਲੋਕਾਂ ਨੇ ਮਿਲ ਕੇ ਹਾਥੀ ਦੇ ਰਾਹ ਵਿੱਚ ਇੱਕ ਟੋਆ ਪੁੱਟ ਦਿੱਤਾ ਤੇ ਸਕੀਮ ਮੁਤਾਬਕ ਉਸ ਨੂੰ ਉਪਰੋਂ ਢੱਕ ਦਿੱਤਾ। ਸਾਰੇ ਲੋਕ ਹੁਣ ਲੁਕ ਕੇ ਹਾਥੀ ਦੀ ਉਡੀਕ ਕਰਨ ਲੱਗੇ। ਉਸ ਦਿਨ ਉਸ ਹਾਥੀ ਦੀ ਬਜਾਏ ਹਾਥੀ ਦਾ ਇਕ ਬੱਚਾ ਅਚਾਨਕ ਰਸਤਾ ਭੁੱਲ ਕੇ ਇੱਧਰ ਆ ਗਿਆ। ਜਦੋਂ ਉਹ ਟੋਏ ਉਪਰੋਂ ਲੰਘਿਆ ਤਾਂ ਉਸ 'ਚ ਡਿੱਗ ਪਿਆ। ਹਾਥੀ ਦੇ ਬੱਚੇ ਨੇ ਉਸ ਟੋਏ ਵਿਚੋਂ ਨਿਕਲਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਟੋਏ 'ਚੋਂ ਨਿਕਲਣ 'ਚ ਕਾਮਯਾਬ ਨਾ ਹੋ ਸਕਿਆ। ਉਸ ਨੇ ਘਬਰਾ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਸ ਦੀਆਂ ਚੀਕਾਂ ਸੁਣ ਕੇ ਉਸਦੀ ਮਾਤਾ ਹਥਣੀ ਉਥੇ ਆ ਗਈ। ਉਸ ਨੇ ਵੀ ਆਪਣੇ ਬੱਚੇ ਨੂੰ ਟੋਏ ਚੋਂ ਬਾਹਰ ਕੱਢਣ ਵਾਸਤੇ ਬਹੁਤ ਕੋਸ਼ਿਸ਼ ਕੀਤੀ ਪਰ ਸਫਲ ਨਹੀਂ ਹੋ ਸਕੀ।

ਇਹ ਸਭ ਕੁਝ ਦੇਖ ਕੇ ਮੋਹਨ ਨੇ ਕਿਹਾ ਕਿ ਸਾਨੂੰ ਇਸ ਹਥਣੀ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਇਸ ਦੇ ਬੱਚੇ ਨੂੰ ਕਿਸੇ ਤਰ੍ਹਾਂ ਟੋਏ ਚੋਂ ਬਾਹਰ ਸਹੀ-ਸਲਾਮਤ ਕੱਢਣਾ ਚਾਹੀਦਾ ਹੈ। ਇਹ ਸੁਣ ਕੇ ਸਾਰੇ ਕਹਿਣ ਲੱਗੇ ਕਿ ਹਥਣੀ ਸਾਨੂੰ ਮਾਰ ਦੇਵੇਗੀ। ਮੋਹਨ ਨੇ ਕਿਹਾ ਕਿ ਹਥਣੀ ਮੁਸੀਬਤ 'ਚ ਹੈ, ਅਗਰ ਅਸੀਂ ਇਸ ਵਕਤ ਉਸਦੀ ਮਦਦ ਕਰਾਂਗੇ ਤਾਂ ਉਹ ਸਾਨੂੰ ਕੁਝ ਨਹੀਂ ਕਹੇਗੀ। ਸਾਨੂੰ ਉਸਦੇ ਬੱਚੇ ਤੇ ਤਰਸ ਕਰਨਾ ਚਾਹੀਦਾ ਹੈ। ਮੋਹਨ ਦੇ ਕਹਿਣ ਤੇ ਸਾਰੇ ਲੋਕਾਂ ਨੇ ਮਿਲ ਕੇ ਕੁਝ ਰੱਸੇ ਲਏ ਤੇ ਹਥਣੀ ਦੇ ਬੱਚੇ ਨੂੰ ਬਾਹਰ ਕੱਢਣ ਲੱਗੇ। ਉਨ੍ਹਾਂ ਨੇ ਰੱਸੇ ਪਾ ਕੇ ਹਥਣੀ ਦੇ ਬੱਚੇ ਨੂੰ ਸਹੀ-ਸਲਾਮਤ ਬਾਹਰ ਕੱਢ ਲਿਆ।


ਹਥਣੀ ਆਪਣੇ ਬੱਚੇ ਨੂੰ ਸਹੀ ਸਲਾਮਤ ਦੇਖ ਕੇ ਉਸ ਨੂੰ ਪਿਆਰ ਕਰਨ ਲੱਗ ਪਈ। ਹਥਣੀ ਨੇ ਸੁੰਡ ਉਪਰ ਚੁੱਕ ਕੇ ਸਭ ਲੋਕਾਂ ਦਾ ਧੰਨਵਾਦ ਕੀਤਾ। ਉਹੀ ਹੰਕਾਰੀ ਹਾਥੀ ਖੌਰੂ ਪਾਉਂਦਾ ਹੋਇਆ ਜੰਗਲ 'ਚੋਂ ਭੱਜ ਕੇ ਖੇਤਾਂ ਵੱਲ ਆ ਰਿਹਾ ਸੀ। ਹਥਣੀ ਨੇ ਇਹ ਸਭ ਦੇਖ ਕੇ ਹੰਕਾਰੀ ਹਾਥੀ ਦਾ ਡੱਟ ਕੇ ਵਿਰੋਧ ਕੀਤਾ। ਉਸ ਨਾਲ ਲੜਾਈ ਕੀਤੀ। ਹਾਥੀ ਉਥੋਂ ਜੰਗਲ ਵੱਲ ਭੱਜ ਗਿਆ। ਇਸ ਤੋਂ ਬਾਅਦ ਮੁੜ ਕੇ ਉਹ ਹੰਕਾਰੀ ਹਾਥੀ ਖੇਤਾਂ ਵੱਲ ਨਹੀਂ ਆਇਆ। ਹਥਣੀ ਨੇ ਲੋਕਾਂ ਨੂੰ ਉਸ ਹੰਕਾਰੀ ਹਾਥੀ ਤੋਂ ਛੁਟਕਾਰਾ ਦੁਆ ਦਿੱਤਾ। ਪਿੰਡ ਦੇ ਸਾਰੇ ਲੋਕਾਂ ਨੇ ਸੁੱਖ ਦਾ ਸਾਹ ਲਿਆ। ਸਾਰਿਆਂ ਨੇ ਰਾਮੂ ਦੇ ਪੁੱਤਰ ਮੋਹਨ ਦੀ ਬੜੀ ਤਾਰੀਫ ਕੀਤੀ ਕਿਉਂਕਿ ਇਹ ਸਭ ਕੁਝ ਮੋਹਨ ਦੀ ਸਿਆਣਪ ਅਤੇ ਹੁਸ਼ਿਆਰੀ ਨਾਲ ਹੀ ਹੋ ਸਕਿਆ ਸੀ।


*ਸਿੱਖਿਆ :- ਪਿਆਰੇ ਬੱਚਿਉ! ਸਾਨੂੰ ਕੁਦਰਤ ਵੱਲੋਂ ਦਿੱਤੀ ਸ਼ਕਤੀ ਤੇ ਹੰਕਾਰ ਨਹੀਂ ਕਰਦਾ ਚਾਹੀਦਾ। ਸ਼ਕਤੀ ਨੂੰ ਲੋਕ ਭਲਾਈ ਵਾਸਤੇ ਇਸਤੇਮਾਲ ਕਰਨਾ ਚਾਹੀਦਾ ਹੈ। ਮੁਸੀਬਤ ਸਮੇਂ ਕਿਸੇ ਦੀ ਮਦਦ ਕਰਨੀ ਕਦੇ ਵਿਅਰਥ ਨਹੀਂ ਜਾਂਦੀ।*




# ਦਾਦਾ ਜੀ

ਚਿਤੱਰਕਾਰ ਅਤੇ ਲੇਖਕ - ਅਜੈ ਕਾਲੜਾ








ਇਕ ਦਿਨ ਸ਼ਰਾਰਤੀ ਹਾਥੀ ਨੇ ਤਲਾਬ ਦੇ ਕਿਨਾਰੇ ਰਹਿਣ ਵਾਲੇ ਚੂਹਿਆਂ ਦੀਆਂ ਖੁੱਡਾਂ ਨੂੰ ਆਪਣੇ ਪੈਰਾਂ ਹੇਠਾਂ ਮਸਲ ਦਿੱਤਾ।
ਘਬਰਾਏ ਹੋਏ ਇਕ ਛੋਟੇ ਜਿਹੇ ਚੂਹੇ ਨੇ ਕਿਹਾ - ਹਾਥੀ ਦਾਦਾ ! ਆਪ ਇਹ ਕੀ ਕਰ ਰਹੇ ਹੋ?
ਹਾਥੀ ਘਮੰਡ ਨਾਲ ਬੋਲਿਆ, ''ਤੂੰ ਮੇਰੇ ਰਾਹ ਵਿੱਚ ਨਾ ਆ ....... ਵਰਨਾ ਮੈਂ ਤੈਨੂੰ ਵੀ ਕੁਚਲ ਦੇਵਾਂਗਾ''।
ਸਾਰੇ ਚੂਹੇ ਭੱਜ ਕੇ ਆਪਣੇ ਮੁਖੀਆ ਦੇ ਕੋਲ ਗਏ ਅਤੇ ਸਾਰੀ ਘਟਨਾ ਦੱਸੀ। ਕੁਝ ਦੇਰ ਸੋਚਣ ਦੇ ਬਾਦ ਚੂਹਿਆਂ ਦੇ ਮੁਖੀਆ ਨੇ ਕਿਹਾ, ''ਤੁਸੀਂ ਘਬਰਾਉ ਨਹੀਂ, ਮੈਂ ਕੁਝ ਕਰਦਾ ਹਾਂ''।


ਅਗਲੇ ਦਿਨ ਸਾਰੇ ਚੂਹੇ ਅਤੇ ਉਹਨਾਂ ਦਾ ਮੁਖੀਆ ਹਾਥੀ ਦੀ ਸ਼ਿਕਾਇਤ ਲੈ ਕੇ ਜੰਗਲ ਦੇ ਰਾਜਾ ਸ਼ੇਰ ਸਿੰਘ ਕੋਲ ਗਏ ਅਤੇ ਕਿਹਾ - ਮਹਾਰਾਜ, ਸ਼ਰਾਰਤੀ ਹਾਥੀ ਨੇ ਸਾਡੇ ਘਰ ਤੋੜ ਦਿੱਤੇ ਹਨ, ਸਾਡੀ ਮਦਦ ਕਰੋ।


ਅਗਲੇ ਦਿਨ ਜੰਗਲ ਦੇ ਰਾਜਾ ਸ਼ੇਰ ਸਿੰਘ ਨੇ ਇਕ ਸਭਾ ਬੁਲਾਈ, ਜਿਸ ਵਿੱਚ ਜੰਗਲ ਦੇ ਸਾਰੇ ਜਾਨਵਰ ਸ਼ਾਮਿਲ ਹੋਏ। ਸਾਰੇ ਜਾਨਵਰ ਇਕ ਪਾਸੇ ਖੜੇ ਹੋਏ ਅਤੇ ਹਾਥੀ ਦੂਸਰੇ ਪਾਸੇ ਖੜਾ ਸੀ।


ਰਾਜਾ ਸ਼ੇਰ ਸਿੰਘ ਨੇ ਸਾਰੇ ਜਾਨਵਰਾਂ ਤੋਂ ਹਾਥੀ ਦੀਆਂ ਸ਼ਰਾਰਤਾਂ ਦੇ ਬਾਰੇ ਪੁੱਛਿਆ। ਇਕ-ਇਕ ਕਰਕੇ ਸਾਰੇ ਜਾਨਵਰਾਂ ਨੇ ਰਾਜਾ ਸ਼ੇਰ ਸਿੰਘ ਨੂੰ ਹਾਥੀ ਦੀਆਂ ਹਰਕਤਾਂ ਦੇ ਬਾਰੇ ਦੱਸਿਆ।


ਸਾਰੇ ਜਾਨਵਰਾਂ ਦੀਆਂ ਗੱਲਾਂ ਸੁਣਨ ਦੇ ਬਾਦ ਰਾਜਾ ਸ਼ੇਰ ਸਿੰਘ ਨੇ ਆਪਣਾ ਫੈਸਲਾ ਸੁਣਾਉਂਦੇ ਹੋਏ ਹਾਥੀ ਨੂੰ ਜੰਗਲ ਛੱਡ ਕੇ ਜਾਣ ਦਾ ਹੁਕਮ ਦਿੱਤਾ।
ਹਾਥੀ ਨੇ ਜੰਗਲ ਦੇ ਸਾਰੇ ਜਾਨਵਰਾਂ ਤੋਂ ਮਾਫੀ ਮੰਗੀ ਅਤੇ ਭਵਿੱਖ ਵਿੱਚ ਦੁਬਾਰਾ ਕਦੇ ਅਜਿਹਾ ਨਾ ਕਰਨ ਦਾ ਵਾਅਦਾ ਕਰਕੇ ਜਾਣ ਲੱਗਾ।
ਤਦੇ ਪਿਛੋਂ ਨੰਨੇ ਚੂਹੇ ਨੇ ਹਾਥੀ ਨੂੰ ਕਿਹਾ – 'ਹਾਥੀ ਦਾਦਾ! ਆਪ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਇਸ ਲਈ ਆਪ ਨੂੰ ਇਕ ਮੌਕਾ ਦਿਤਾ ਜਾਣਾ ਚਾਹੀਦਾ ਹੈ।'
ਜੰਗਲ ਦੇ ਸਾਰੇ ਜਾਨਵਰ ਨੰਨੇ ਚੂਹੇ ਦੀ ਗੱਲ ਨਾਲ ਸਹਿਮਤ ਹੋ ਗਏ। ਜੰਗਲ ਦੇ ਰਾਜਾ ਸ਼ੇਰ ਸਿੰਘ ਨੇ ਵੀ ਹਾਥੀ ਨੂੰ ਜੰਗਲ ਵਿੱਚ ਰਹਿਣ ਦਾ ਇਕ ਮੌਕਾ ਹੋਰ ਦੇ ਦਿੱਤਾ। ਉਸ ਦਿਨ ਦੇ ਬਾਅਦ ਜੰਗਲ ਦੇ ਸਾਰੇ ਜਾਨਵਰ ਖੁਸ਼ੀ ਨਾਲ ਰਹਿਣ ਲਗੇ।
ਸਿਖਿਆ : ਅਗਰ ਕਿਸੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਜਾਏ ਤਾਂ ਸਾਨੂੰ ਉਹਨੂੰ ਸੁਧਰਣ ਦਾ ਮੌਕਾ ਦੇਣਾ ਚਾਹੀਦਾ ਹੈ।

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ
*10 ਅੰਤਰ ਲੱਭੋ!*








Video & Audio Webcasts on www.nirankari.org - Every month

SANT NIRANKARI MISSION

Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment





# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ' (ਹਿੰਦੀ, ਪੰਜਾਬੀ ਅਤੇ ਅੰਗਰੇਜੀ) ਅਤੇ
'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ-
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ
PH. 011–47660200, E-mail : patrika@nirankari.org

**ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ)
ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ**

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212

**BANGLA**
Sant Nirankari Satsang Bhawan, 884,G.T. Road, Laxmipur-2 East Bardhman—713101 Ph. 0342-2657219

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ
ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।


Posted at NDPSO Prescribed dates 23rd & 24th. Date of Publication: 17th & 18th (Advance Month)